


ਸੱਚੀ ਅਤੇ ਨਿਰਪੱਖ ਵਿਚਾਰਧਾਰਾ
CEE7NEWS
Daily Digital Edition




Ludhiana, Monday 04 May, 2026 Ludhiana, Monday 04 May, 2026 website: www.cee7news.com

# ਤੇਜ਼ ਹਵਾਵਾਂ ਨਾਲ ਭਾਰੀ ਮੀਂਹ



ਪੰਜਾਬ ਵਿਚ ਅੱਜ ਮੁੜ ਮੌਸਮ ਬਦਲ ਗਿਆ। ਕਈ ਥਾਈਂ ਸਵੇਰ ਤੋਂ ਮੀਂਹ ਤੇ ਠੰਢੀਆਂ ਹਵਾਵਾਂ ਚੱਲ ਰਹੀਆਂ ਹਨ। ਮੁਹਾਲੀ ਵਿਚ ਤਾਂ ਸਵੇਰੇ ਹੀ ਕਾਲੇ ਬੱਦਲ ਛਾ ਗਏ ਹਨ। ਲੁਧਿਆਣਾ ਵਿਚ ਵੀ ਸਵੇਰ ਤੋਂ ਭਾਰੀ ਮੀਂਹ ਪੈ ਰਿਹਾ ਹੈ। ਚੰਡੀਗੜ੍ਹ ਮੌਸਮ ਵਿਗਿਆਨ ਕੇਂਦਰ ਦੇ ਅਨੁਸਾਰ, ਅੱਜ ਅੱਠ ਜ਼ਿਲ੍ਹਿਆਂ ਵਿੱਚ ਬਿਜਲੀ ਗਰਜ ਅਤੇ ਤੇਜ਼ ਹਵਾਵਾਂ ਚੱਲਣ ਦੀ ਸੰਭਾਵਨਾ ਹੈ। ਇਸ ਸਬੰਧ ਵਿੱਚ ਯੈਲੋ ਅਲਰਟ ਜਾਰੀ ਕੀਤਾ ਗਿਆ ਹੈ।ਇਨ੍ਹਾਂ ਜ਼ਿਲ੍ਹਿਆਂ ਵਿੱਚ ਪਠਾਨਕੋਟ, ਗੁਰਦਾਸਪੁਰ, ਅੰਮ੍ਰਿਤਸਰ, ਹੁਸ਼ਿਆਰਪੁਰ, ਨਵਾਂਸ਼ਹਿਰ, ਕਪੂਰਥਲਾ, ਜਲੰਧਰ ਅਤੇ ਨਗਰ ਸ਼ਾਮਲ ਹਨ। ਇੱਥੇ 40 ਤੋਂ 50 ਕਿਲੋਮੀਟਰ ਪ੍ਰਤੀ ਘੰਟਾ ਦੀ ਰਫ਼ਤਾਰ ਨਾਲ ਤੇਜ਼ ਹਵਾਵਾਂ ਚੱਲਣ ਦੀ ਸੰਭਾਵਨਾ ਹੈ। ਇਨ੍ਹਾਂ ਜ਼ਿਲ੍ਹਿਆਂ ਵਿਚ ਹਲਕੀ ਤੋਂ ਦਰਮਿਆਨੀ ਬਾਰਿਸ਼ ਹੋਣ ਦੀ ਵੀ ਉਮੀਦ ਹੈ। ਮੌਸਮ ਵਿਭਾਗ ਅਨੁਸਾਰ, 6 ਮਈ ਤੱਕ ਮੌਸਮ ਇਸੇ ਤਰ੍ਹਾਂ ਰਹੇਗਾ।ਬਠਿੰਡਾ ਸਭ ਤੋਂ ਗਰਮ ਰਿਹਾ, ਜਿੱਥੇ ਤਾਪਮਾਨ 40.2 ਡਿਗਰੀ ਸੈਲਸੀਅਸ ਰਿਹਾ। ਮੌਸਮ ਵਿਭਾਗ ਦੇ ਅਨੁਸਾਰ, ਇੱਕ ਪੱਛਮੀ ਗੜਬੜ ਅਜੇ ਵੀ ਸਰਗਰਮ ਹੈ, ਜੋ ਕਿ ਉੱਪਰਲੇ ਪੱਧਰ ਦੀਆਂ ਪੱਛਮੀ ਹਵਾਵਾਂ ਦੇ ਨਾਲ ਅੱਗੇ ਵਧ ਰਹੀ ਹੈ।ਇੱਕ ਚੱਕਰਵਾਤੀ ਸਰਕੂਲੇਸ਼ਨ ਇਸ ਸਮੇਂ ਉੱਤਰੀ ਹਰਿਆਣਾ ਅਤੇ ਆਲੇ ਦੁਆਲੇ ਦੇ ਖੇਤਰਾਂ ਵਿੱਚ ਬਣਿਆ ਹੋਇਆ ਹੈ, ਜਿਸ ਕਾਰਨ ਮੌਸਮ ਵਿੱਚ ਲਗਾਤਾਰ ਬਦਲਾਅ ਆਉਣ ਦੀ ਸੰਭਾਵਨਾ ਹੈ। ਜੰਮੂ ਅਤੇ ਕਸ਼ਮੀਰ ਉੱਤੇ ਇੱਕ ਦੂਜੀ ਪੱਛਮੀ ਗੜਬੜ ਹੁਣ ਅੱਗੇ ਵਧ ਗਈ ਹੈ। ਨਤੀਜੇ ਵਜੋਂ, ਪੰਜਾਬ, ਹਰਿਆਣਾ ਅਤੇ ਆਲੇ ਦੁਆਲੇ ਦੇ ਖੇਤਰਾਂ ਵਿੱਚ ਬੱਦਲਵਾਈ, ਤੇਜ਼ ਹਵਾਵਾਂ ਅਤੇ ਕਦੇ-ਕਦੇ ਮੀਂਹ ਪੈ ਸਕਦਾ ਹੈ।ਅਜਿਹੀ ਸਥਿਤੀ ਵਿੱਚ, 4 ਅਤੇ 5 ਮਈ ਨੂੰ ਮੀਂਹ, ਬਿਜਲੀ ਡਿੱਗਣ ਅਤੇ ਤੇਜ਼ ਹਵਾਵਾਂ ਲਈ ਇੱਕ ਔਰੇਂਜ ਚੇਤਾਵਨੀ ਜਾਰੀ ਕੀਤੀ ਜਾਂਦੀ ਹੈ। 6 ਮਈ ਨੂੰ ਇੱਕ ਯੈਲੋ ਚੇਤਾਵਨੀ ਜਾਰੀ ਕੀਤੀ ਜਾਂਦੀ ਹੈ। 7 ਅਤੇ 8 ਮਈ ਨੂੰ ਮੀਂਹ ਪੈਣ ਦੀ ਸੰਭਾਵਨਾ ਹੈ। ਮੌਸਮ ਵਿਗਿਆਨ ਕੇਂਦਰ, ਚੰਡੀਗੜ੍ਹ ਦੇ ਡਾਇਰੈਕਟਰ ਸੁਰੇਂਦਰ ਪਾਲ ਦੇ ਅਨੁਸਾਰ, ਅੱਜ, 6 ਅਤੇ 7 ਮਈ ਨੂੰ ਕੁਝ ਥਾਵਾਂ 'ਤੇ ਹਲਕੀ ਬਾਰਿਸ਼ ਹੋ ਸਕਦੀ ਹੈ।

# ਮੈਂ ਅਤੇ ਮੇਰੀ ਟੀਮ ਮੁਕਾਬਲੇ ਵਿੱਚ ਹਿੱਸਾ ਲਵਾਂਗੇ



ਓਲੰਪੀਅਨ ਵਿਨੇਸ਼ ਫੋਗਾਟ ਨੇ ਇੱਕ ਵਾਰ ਫਿਰ ਭਾਰਤੀ ਕੁਸ਼ਤੀ ਫੈਡਰੇਸ਼ਨ (WFI) ਦੇ ਸਾਬਕਾ ਪ੍ਰਧਾਨ ਬ੍ਰਿਜਭੂਸ਼ਣ ਸ਼ਰਨ ਸਿੰਘ 'ਤੇ ਗੰਭੀਰ ਦੋਸ਼ ਲਗਾਏ ਹਨ। ਸੋਸ਼ਲ ਮੀਡੀਆ 'ਤੇ ਇੱਕ ਵੀਡੀਓ ਸਾਂਝਾ ਕਰਦੇ ਹੋਏ ਵਿਨੇਸ਼ ਨੇ ਕਿਹਾ, "ਸੀਨੀਅਰ ਓਪਨ ਰੈਂਕਿੰਗ ਕੁਸ਼ਤੀ ਟੂਰਨਾਮੈਂਟ ਉੱਤਰ ਪ੍ਰਦੇਸ਼ ਦੇ ਗੋਂਡਾ ਵਿੱਚ 10 ਤੋਂ 12 ਮਈ ਦੇ ਵਿਚਕਾਰ ਆਯੋਜਿਤ ਕੀਤਾ ਜਾ ਰਿਹਾ ਹੈ।"ਵਾਇਰਲ ਵੀਡੀਓ 'ਚ ਫੋਗਾਟ ਨੇ ਕਿਹਾ ਕਿ ਕੁਝ ਮਜਬੂਰੀਆਂ ਕਰਕੇ ਮੈਂ ਇਹ ਕਹਿਣਾ ਚਾਹੁੰਦੀ ਹਾਂ ਕਿ ਮੈਂ ਵੀ ਉਨ੍ਹਾਂ ਛੇ ਪੀੜਤਾਂ ਵਿੱਚੋਂ ਇੱਕ ਹਾਂ ਜਿਨ੍ਹਾਂ ਨੇ ਬ੍ਰਿਜਭੂਸ਼ਣ ਸ਼ਰਨ ਵਿਰੁੱਧ ਸ਼ਿਕਾਇਤਾਂ ਦਰਜ ਕਰਵਾਈਆਂ ਹਨ। ਮੇਰੀ ਗਵਾਹੀ ਵੀ ਅਦਾਲਤ ਵਿੱਚ ਚੱਲ ਰਹੀ ਹੈ। ਮੇਰੇ ਲਈ ਉਸਦੇ ਘਰ (ਗੋਂਡਾ) ਜਾ ਕੇ ਮੁਕਾਬਲੇ ਵਿੱਚ ਹਿੱਸਾ ਲੈਣਾ ਮੁਸ਼ਕਲ ਹੋਵੇਗਾ। ਮੈਨੂੰ ਨਹੀਂ ਲੱਗਦਾ ਕਿ ਮੈਂ ਆਪਣਾ 100% ਦੇ ਸਕਾਂਗੀ। ਇੱਕ ਕੁੜੀ ਲਈ ਇਹ ਬਹੁਤ ਮੁਸ਼ਕਲ ਹੋਵੇਗਾ। ਮੈਂ ਅਤੇ ਮੇਰੀ ਟੀਮ ਮੁਕਾਬਲੇ ਵਿੱਚ ਹਿੱਸਾ ਲਵਾਂਗੇ। ਜੇਕਰ ਕਿਸੇ ਨਾਲ ਕੁਝ ਵੀ ਅਣਸੁਖਾਵਾਂ ਹੁੰਦਾ ਹੈ, ਤਾਂ ਭਾਰਤ ਸਰਕਾਰ ਜ਼ਿੰਮੇਵਾਰ ਹੋਵੇਗੀ। ਇਹ ਧਿਆਨ ਦੇਣ ਯੋਗ ਹੈ ਕਿ ਲਗਭਗ ਤਿੰਨ ਸਾਲ ਪਹਿਲਾਂ, ਵਿਨੇਸ਼ ਨੇ ਬ੍ਰਿਜਭੂਸ਼ਣ 'ਤੇ ਮਹਿਲਾ ਖਿਡਾਰੀਆਂ ਦਾ ਜਿਨਸੀ ਸ਼ੋਸ਼ਣ ਕਰਨ ਦਾ ਦੋਸ਼ ਲਗਾਇਆ ਸੀ। ਮਹਿਲਾ ਪਹਿਲਵਾਨਾਂ ਨੇ ਦਿੱਲੀ ਦੇ ਜੰਤਰ-ਮੰਤਰ 'ਤੇ ਬ੍ਰਿਜਭੂਸ਼ਣ ਵਿਰੁੱਧ ਵਿਰੋਧ ਵੀ ਕੀਤਾ ਸੀ।

## Cee7news ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਰਾਸ਼ਟਰਪਤੀ ਦਰੋਪਦੀ ਮੁਰਮੂ ਨਾਲ ਕੀਤੀ ਜਾਣ ਵਾਲੀ ਮੁਲਾਕਾਤ ਤੋਂ ਪਹਿਲਾਂ

# ਰਾਜ ਸਭਾ ਮੈਂਬਰ ਰਾਘਵ ਚੱਢਾ ਨੇ ਤਿੰਨ ਹੋਰ ਸੰਸਦ ਮੈਂਬਰਾਂ ਸਮੇਤ ਰਾਸ਼ਟਰਪਤੀ ਭਵਨ ਵਿਖੇ ਹਾਜ਼ਰੀ ਭਰੀ।

ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਰਾਸ਼ਟਰਪਤੀ ਦਰੋਪਦੀ ਮੁਰਮੂ ਨਾਲ ਕੀਤੀ ਜਾਣ ਵਾਲੀ ਮੁਲਾਕਾਤ ਤੋਂ ਪਹਿਲਾਂ ਆਮ ਆਦਮੀ ਪਾਰਟੀ (ਆਪ) ਦੇ ਸੀਨੀਅਰ ਆਗੂ ਅਤੇ ਰਾਜ ਸਭਾ ਮੈਂਬਰ ਰਾਘਵ ਚੱਢਾ ਨੇ ਤਿੰਨ ਹੋਰ ਸੰਸਦ ਮੈਂਬਰਾਂ ਸਮੇਤ ਰਾਸ਼ਟਰਪਤੀ ਭਵਨ ਵਿਖੇ ਹਾਜ਼ਰੀ ਭਰੀ। ਇਸ ਮੁਲਾਕਾਤ ਨੇ ਪੰਜਾਬ ਅਤੇ ਕੇਂਦਰ ਦੇ ਸਿਆਸੀ ਗਲਿਆਰਿਆਂ ਵਿੱਚ ਨਵੀਂ ਚਰਚਾ ਛੇੜ ਦਿੱਤੀ ਹੈ। ਇਹ ਕਦਮ ਖਾਸ ਤੌਰ 'ਤੇ ਉਸ ਸਮੇਂ ਚੁੱਕਿਆ ਗਿਆ ਹੈ ਜਦੋਂ ਪੰਜਾਬ ਸਰਕਾਰ ਅਤੇ ਕੇਂਦਰ ਵਿਚਾਲੇ ਕਈ ਅਹਿਮ ਮੁੱਦਿਆਂ 'ਤੇ ਖਿੱਚੋਤਾਣ ਚੱਲ ਰਹੀ ਹੈ। ਰਾਘਵ ਚੱਢਾ ਦੇ ਨਾਲ ਇਸ ਵਫ਼ਦ ਵਿੱਚ ਪਾਰਟੀ ਦੇ ਤਿੰਨ ਹੋਰ ਪ੍ਰਮੁੱਖ ਸੰਸਦ ਮੈਂਬਰ ਸ਼ਾਮਲ ਸਨ। ਇਸ ਮੀਟਿੰਗ ਦਾ ਮੁੱਖ ਉਦੇਸ਼ ਪੰਜਾਬ ਦੇ ਹਿੱਤਾਂ ਅਤੇ ਸੂਬੇ ਨੂੰ ਦਰਪੇਸ਼ ਗੰਭੀਰ ਚੁਣੌਤੀਆਂ ਨੂੰ ਰਾਸ਼ਟਰਪਤੀ ਦੇ ਧਿਆਨ ਵਿੱਚ ਲਿਆਉਣਾ ਸੀ। ਸੂਤਰਾਂ ਅਨੁਸਾਰ, ਇਸ ਵਫ਼ਦ ਨੇ ਰਾਸ਼ਟਰਪਤੀ ਨਾਲ ਮੁਲਾਕਾਤ ਦੌਰਾਨ ਪੰਜਾਬ ਦੇ ਰੁਕੇ ਹੋਏ ਫੰਡਾਂ, ਕਿਸਾਨਾਂ ਦੇ ਮੁੱਦਿਆਂ ਅਤੇ ਸੂਬੇ ਦੇ ਸੰਵਿਧਾਨਕ ਅਧਿਕਾਰਾਂ ਬਾਰੇ ਵਿਸਥਾਰ ਵਿੱਚ ਚਰਚਾ ਕੀਤੀ।

ਮੁਲਾਕਾਤ ਦੇ ਮੁੱਖ ਪਹਿਲੂ ਅਤੇ ਮੁੱਦੇ:

ਰੁਕੇ ਹੋਏ ਕੇਂਦਰੀ ਫੰਡ: ਪੰਜਾਬ ਸਰਕਾਰ ਲੰਬੇ ਸਮੇਂ ਤੋਂ ਕੇਂਦਰ ਸਰਕਾਰ 'ਤੇ ਇਲਜ਼ਾਮ ਲਗਾ ਰਹੀ ਹੈ ਕਿ ਪੇਂਡੂ ਵਿਕਾਸ ਫੰਡ (RDF) ਅਤੇ ਨੈਸ਼ਨਲ ਹੈਲਥ ਮਿਸ਼ਨ (NHM) ਦੇ ਕਰੋੜਾਂ ਰੁਪਏ ਰੋਕੇ ਗਏ ਹਨ। ਰਾਘਵ ਚੱਢਾ ਨੇ ਰਾਸ਼ਟਰਪਤੀ ਨੂੰ ਜਾਣੂ ਕਰਵਾਇਆ ਕਿ ਇਨ੍ਹਾਂ ਫੰਡਾਂ ਦੀ ਘਾਟ ਕਾਰਨ ਸੂਬੇ ਦੇ ਵਿਕਾਸ ਕਾਰਜਾਂ ਅਤੇ ਸਿਹਤ ਸੇਵਾਵਾਂ 'ਤੇ ਮਾੜਾ ਅਸਰ ਪੈ ਰਿਹਾ ਹੈ।

ਕਿਸਾਨੀ ਮਸਲੇ: ਪੰਜਾਬ ਇੱਕ ਖੇਤੀ ਪ੍ਰਧਾਨ ਸੂਬਾ ਹੈ ਅਤੇ ਕਿਸਾਨਾਂ ਦੀਆਂ ਮੰਗਾਂ ਹਮੇਸ਼ਾ ਕੇਂਦਰ ਵਿੱਚ ਰਹਿੰਦੀਆਂ ਹਨ। 'ਆਪ' ਸੰਸਦ ਮੈਂਬਰਾਂ ਨੇ ਘੱਟੋ-ਘੱਟ ਸਮਰਥਨ ਮੁੱਲ (MSP) ਦੀ ਕਾਨੂੰਨੀ ਗਾਰੰਟੀ ਅਤੇ ਕਿਸਾਨਾਂ ਦੀਆਂ ਹੋਰ ਲਟਕਦੀਆਂ ਮੰਗਾਂ ਬਾਰੇ ਰਾਸ਼ਟਰਪਤੀ ਨੂੰ ਦਖਲ ਦੇਣ ਦੀ ਅਪੀਲ ਕੀਤੀ।

ਸੰਘੀ ਢਾਂਚੇ ਦੀ ਮਰਿਆਦਾ: ਰਾਘਵ ਚੱਢਾ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਲੋਕਤੰਤਰ ਵਿੱਚ ਰਾਜਾਂ ਦੇ ਅਧਿਕਾਰਾਂ ਦੀ ਰਾਖੀ ਹੋਣੀ ਚਾਹੀਦੀ ਹੈ। ਉਨ੍ਹਾਂ ਨੇ ਰਾਜਪਾਲ ਅਤੇ ਚੁਣੀ ਹੋਈ ਸਰਕਾਰ ਵਿਚਾਲੇ ਚੱਲ ਰਹੇ ਟਕਰਾਅ ਦੇ ਸੰਦਰਭ ਵਿੱਚ ਵੀ ਸੰਕੇਤ ਦਿੱਤੇ ਕਿ ਸੰਵਿਧਾਨਕ ਅਹੁਦਿਆਂ ਦੀ ਵਰਤੋਂ ਸਿਆਸੀ ਹਿੱਤਾਂ ਲਈ ਨਹੀਂ ਹੋਣੀ ਚਾਹੀਦੀ। ਸਿਆਸੀ ਮਾਇਨੇ: ਮੁੱਖ ਮੰਤਰੀ ਭਗਵੰਤ ਮਾਨ ਦੀ ਰਾਸ਼ਟਰਪਤੀ ਨਾਲ ਹੋਣ ਵਾਲੀ ਅਧਿਕਾਰਤ ਮੀਟਿੰਗ ਤੋਂ ਪਹਿਲਾਂ ਰਾਘਵ ਚੱਢਾ ਦੀ ਇਸ ਪਹਿਲਕਦਮੀ ਨੂੰ ਇੱਕ ਰਣਨੀਤਕ ਕਦਮ ਵਜੋਂ ਦੇਖਿਆ ਜਾ ਰਿਹਾ ਹੈ।



ਇਸ ਨਾਲ ਪਾਰਟੀ ਨੇ ਇਹ ਸੁਨੇਹਾ ਦੇਣ ਦੀ ਕੋਸ਼ਿਸ਼ ਕੀਤੀ ਹੈ ਕਿ 'ਆਪ' ਦੇ ਸੰਸਦ ਮੈਂਬਰ ਸੰਸਦ ਦੇ ਅੰਦਰ ਅਤੇ ਬਾਹਰ ਪੰਜਾਬ ਦੀ ਆਵਾਜ਼ ਨੂੰ ਬੁਲੰਦ ਕਰਨ ਲਈ ਪੂਰੀ ਤਰ੍ਹਾਂ ਸਰਗਰਮ ਹਨ।

ਇਸ ਮੁਲਾਕਾਤ ਦੌਰਾਨ ਰਾਘਵ ਚੱਢਾ ਨੇ ਮੀਡੀਆ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਸੂਬੇ ਦੇ ਲੋਕਾਂ ਦੀ ਭਲਾਈ ਲਈ ਵਚਨਬੱਧ ਹੈ, ਪਰ ਕੇਂਦਰ ਵੱਲੋਂ ਪਾਏ ਜਾ ਰਹੇ ਅੜਿੱਕੇ ਵਿਕਾਸ ਦੀ ਰਫ਼ਤਾਰ ਨੂੰ ਰੋਕ ਰਹੇ ਹਨ। ਉਨ੍ਹਾਂ ਉਮੀਦ ਜਤਾਈ ਕਿ ਰਾਸ਼ਟਰਪਤੀ, ਜੋ ਕਿ ਦੇਸ਼ ਦੇ ਸੰਵਿਧਾਨਕ ਮੁਖੀ ਹਨ, ਇਨ੍ਹਾਂ ਮੁੱਦਿਆਂ 'ਤੇ ਗੰਭੀਰਤਾ ਨਾਲ ਵਿਚਾਰ ਕਰਨਗੇ ਅਤੇ ਪੰਜਾਬ ਨੂੰ ਉਸਦਾ ਬਣਦਾ ਹੱਕ ਦਿਵਾਉਣ ਵਿੱਚ ਮਦਦਗਾਰ ਸਾਬਤ ਹੋਣਗੇ।

## Cee7News ਐਸੋਸੀਏਸ਼ਨ ਨੇ ਆਪਣੇ ਸੰਘਰਸ਼ ਨੂੰ ਪੜਾਅਵਾਰ ਚਲਾਉਣ ਦਾ ਫੈਸਲਾ ਕੀਤਾ ਹੈ:

# ਪੰਜਾਬ ਦੇ ਕੈਮਿਸਟਾਂ ਵੱਲੋਂ ਔਨਲਾਈਨ ਦਵਾਈ ਕੰਪਨੀਆਂ ਵਿਰੁੱਧ ਸੂਬਾ ਪੱਧਰੀ ਹੜਤਾਲ ਦਾ ਐਲਾਨ: ਇੱਕ ਵਿਸਤ੍ਰਿਤ ਰਿਪੋਰਟ

ਪੰਜਾਬ ਵਿੱਚ ਦਵਾਈਆਂ ਦੇ ਕਾਰੋਬਾਰ ਅਤੇ ਜਨਤਕ ਸਿਹਤ ਨਾਲ ਜੁੜਿਆ ਇੱਕ ਵੱਡਾ ਮੁੱਦਾ ਗਰਮਾ ਗਿਆ ਹੈ। ਪੰਜਾਬ ਕੈਮਿਸਟ ਐਸੋਸੀਏਸ਼ਨ ਨੇ ਔਨਲਾਈਨ ਦਵਾਈਆਂ ਵੇਚਣ ਵਾਲੀਆਂ ਕੰਪਨੀਆਂ (E-pharmacies) ਦੀਆਂ ਵਧਦੀਆਂ ਗਤੀਵਿਧੀਆਂ ਅਤੇ ਕਥਿਤ ਨਿਯਮਾਂ ਦੀ ਉਲੰਘਣਾ ਦੇ ਵਿਰੋਧ ਵਿੱਚ 20 ਮਈ ਨੂੰ ਪੂਰੇ ਸੂਬੇ ਵਿੱਚ ਮੁਕੰਮਲ ਹੜਤਾਲ ਦਾ ਐਲਾਨ ਕੀਤਾ ਹੈ। ਲੁਧਿਆਣਾ ਵਿਖੇ ਹੋਈ ਇੱਕ ਅਹਿਮ ਮੀਟਿੰਗ ਵਿੱਚ ਲਏ ਗਏ ਇਸ ਫੈਸਲੇ ਨੇ ਨਾ ਸਿਰਫ਼ ਫਾਰਮਾਸਿਊਟੀਕਲ ਸੈਕਟਰ ਸਗੋਂ ਆਮ ਜਨਤਾ ਵਿੱਚ ਵੀ ਚਰਚਾ ਛੇੜ ਦਿੱਤੀ ਹੈ।

ਹੜਤਾਲ ਦਾ ਮੁੱਖ ਕਾਰਨ

ਕੈਮਿਸਟਾਂ ਦਾ ਮੁੱਖ ਵਿਰੋਧ ਔਨਲਾਈਨ ਫਾਰਮੇਸੀਆਂ ਦੇ ਕੰਮ ਕਰਨ ਦੇ ਤਰੀਕੇ 'ਤੇ ਹੈ। ਐਸੋਸੀਏਸ਼ਨ ਦਾ ਦੋਸ਼ ਹੈ ਕਿ ਇਹ ਕੰਪਨੀਆਂ ਸਿਰਫ਼ ਮੁਨਾਫ਼ਾ ਕਮਾਉਣ ਲਈ ਡਰੱਗਜ਼ ਐਂਡ ਕੋਸਮੈਟਿਕਸ ਐਕਟ ਦੇ ਨਿਯਮਾਂ ਨੂੰ ਛਿੱਕੇ ਟੰਗ ਰਹੀਆਂ ਹਨ। ਉਨ੍ਹਾਂ ਅਨੁਸਾਰ, ਰਵਾਇਤੀ ਕੈਮਿਸਟਾਂ ਨੂੰ ਸਖ਼ਤ ਨਿਯਮਾਂ, ਲਾਇਸੈਂਸਾਂ ਅਤੇ ਨਿਰੰਤਰ ਜਾਂਚ ਦਾ ਸਾਹਮਣਾ ਕਰਨਾ ਪੈਂਦਾ ਹੈ, ਜਦਕਿ ਔਨਲਾਈਨ ਪੋਰਟਲ ਬਿਨਾਂ ਕਿਸੇ ਸਹੀ ਨਿਗਰਾਨੀ ਦੇ ਕੰਮ ਕਰ ਰਹੇ ਹਨ।

ਵਿਰੋਧ ਦਾ ਪ੍ਰੋਗਰਾਮ

ਐਸੋਸੀਏਸ਼ਨ ਨੇ ਆਪਣੇ ਸੰਘਰਸ਼ ਨੂੰ ਪੜਾਅਵਾਰ ਚਲਾਉਣ ਦਾ ਫੈਸਲਾ ਕੀਤਾ ਹੈ:

ਕਾਲੇ ਬਿੱਲੇ ਲਗਾ ਕੇ ਰੋਸ: 15 ਤੋਂ 19 ਮਈ ਤੱਕ ਸੂਬੇ ਦੇ ਸਾਰੇ ਕੈਮਿਸਟ ਆਪਣੀਆਂ ਵਿੱਚ ਦਵਾਈਆਂ ਦੀਆਂ ਦੁਕਾਨਾਂ ਅਤੇ ਥੋਕ ਮਾਰਕੀਟਾਂ ਮੁਕੰਮਲ ਤੌਰ 'ਤੇ ਬੰਦ ਰਹਿਣਗੀਆਂ।

ਥੋਕ ਬਾਜ਼ਾਰਾਂ ਦੀ ਸ਼ਮੂਲੀਅਤ: ਇਸ ਹੜਤਾਲ ਵਿੱਚ ਰਿਟੇਲਰਾਂ ਦੇ ਨਾਲ-ਨਾਲ ਹੋਲਸੇਲਰਾਂ ਨੇ ਵੀ ਪੂਰਨ ਸਹਿਯੋਗ ਦਾ ਐਲਾਨ ਕੀਤਾ ਹੈ, ਜਿਸ ਨਾਲ ਦਵਾਈਆਂ ਦੀ ਸਪਲਾਈ ਚੇਨ ਪੂਰੀ ਤਰ੍ਹਾਂ ਪ੍ਰਭਾਵਿਤ ਹੋ ਸਕਦੀ ਹੈ।

ਸਿਹਤ ਅਤੇ ਸੁਰੱਖਿਆ ਸਬੰਧੀ ਚਿੰਤਾਵਾਂ

ਕੈਮਿਸਟ ਆਗੂਆਂ ਨੇ ਬੜੇ ਗੰਭੀਰ ਸਵਾਲ ਖੜ੍ਹੇ ਕੀਤੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਔਨਲਾਈਨ ਕੰਪਨੀਆਂ ਅਕਸਰ ਬਿਨਾਂ ਡਾਕਟਰੀ ਪਰਚੀ (Prescription) ਦੇ ਦਵਾਈਆਂ ਦੀ ਹੋਮ ਡਿਲੀਵਰੀ ਕਰ ਰਹੀਆਂ ਹਨ। ਇਸ ਨਾਲ ਨੌਜਵਾਨ ਪੀੜ੍ਹੀ ਵਿੱਚ ਨਸ਼ੀਲੀਆਂ ਦਵਾਈਆਂ ਦੀ ਦੁਰਵਰਤੋਂ ਵਧਣ ਦਾ ਖ਼ਤਰਾ ਹੈ। ਜਦੋਂ ਇੱਕ ਮਰੀਜ਼ ਦੁਕਾਨ 'ਤੇ ਜਾਂਦਾ ਹੈ, ਤਾਂ ਕੈਮਿਸਟ ਉਸ ਦੀ ਪਰਚੀ ਦੀ ਜਾਂਚ ਕਰਦਾ ਹੈ, ਪਰ ਔਨਲਾਈਨ ਪ੍ਰਣਾਲੀ ਵਿੱਚ ਅਜਿਹੀ ਕਿਸੇ ਸਰੀਰਕ ਜਾਂਚ ਦੀ ਘਾਟ ਹੈ। ਇਸ ਤੋਂ ਇਲਾਵਾ, ਦਵਾਈਆਂ ਨੂੰ ਸਹੀ ਤਾਪਮਾਨ (Cold Chain) ਵਿੱਚ ਰੱਖਣ ਦੇ ਨਿਯਮਾਂ ਦੀ ਵੀ ਔਨਲਾਈਨ ਡਿਲੀਵਰੀ ਦੌਰਾਨ ਉਲੰਘਣਾ ਹੋਣ ਦਾ ਡਰ ਰਹਿੰਦਾ ਹੈ।

ਆਰਥਿਕ ਪ੍ਰਭਾਵ

ਰਵਾਇਤੀ ਕੈਮਿਸਟਾਂ ਦਾ ਕਹਿਣਾ ਹੈ ਕਿ ਔਨਲਾਈਨ ਕੰਪਨੀਆਂ ਵੱਡੇ ਪੱਧਰ 'ਤੇ ਡਿਸਕਾਊਂਟ ਦੇ ਕੇ ਛੋਟੇ ਦੁਕਾਨਦਾਰਾਂ ਦਾ ਰੁਜ਼ਗਾਰ ਖੋਹ ਰਹੀਆਂ ਹਨ। ਪੰਜਾਬ ਵਿੱਚ ਹਜ਼ਾਰਾਂ ਪਰਿਵਾਰ ਇਸ ਕਾਰੋਬਾਰ 'ਤੇ




ਵਿਰੋਧ ਦਾ ਪ੍ਰੋਗਰਾਮ

ਐਸੋਸੀਏਸ਼ਨ ਨੇ ਆਪਣੇ ਸੰਘਰਸ਼ ਨੂੰ ਪੜਾਅਵਾਰ ਚਲਾਉਣ ਦਾ ਫੈਸਲਾ ਕੀਤਾ ਹੈ:ਕਾਲੇ ਬਿੱਲੇ ਲਗਾ ਕੇ ਰੋਸ: 15 ਤੋਂ 19 ਮਈ ਤੱਕ ਸੂਬੇ ਦੇ ਸਾਰੇ ਕੈਮਿਸਟ ਆਪਣੀਆਂ ਦੁਕਾਨਾਂ 'ਤੇ ਕੰਮ ਕਰਦੇ ਹੋਏ ਕਾਲੇ ਬਿੱਲੇ ਲਗਾ ਕੇ ਆਪਣਾ ਵਿਰੋਧ ਦਰਜ ਕਰਵਾਉਣਗੇ।ਪੂਰਨ ਹੜਤਾਲ: 19 ਮਈ ਦੀ ਅੱਧੀ ਰਾਤ ਤੋਂ 20 ਮਈ ਦੀ ਅੱਧੀ ਰਾਤ ਤੱਕ ਪੂਰੇ ਪੰਜਾਬ ਵਿੱਚ ਦਵਾਈਆਂ ਦੀਆਂ ਦੁਕਾਨਾਂ ਅਤੇ ਥੋਕ ਮਾਰਕੀਟਾਂ ਮੁਕੰਮਲ ਤੌਰ 'ਤੇ ਬੰਦ ਰਹਿਣਗੀਆਂ।

ਥੋਕ ਬਾਜ਼ਾਰਾਂ ਦੀ ਸ਼ਮੂਲੀਅਤ: ਇਸ ਹੜਤਾਲ ਵਿੱਚ ਰਿਟੇਲਰਾਂ ਦੇ ਨਾਲ-ਨਾਲ ਹੋਲਸੇਲਰਾਂ ਨੇ ਵੀ ਪੂਰਨ ਸਹਿਯੋਗ ਦਾ ਐਲਾਨ ਕੀਤਾ ਹੈ, ਜਿਸ ਨਾਲ ਦਵਾਈਆਂ ਦੀ ਸਪਲਾਈ ਚੇਨ ਪੂਰੀ ਤਰ੍ਹਾਂ ਪ੍ਰਭਾਵਿਤ ਹੋ ਸਕਦੀ ਹੈ।ਸਿਹਤ ਅਤੇ ਸੁਰੱਖਿਆ ਸਬੰਧੀ ਚਿੰਤਾਵਾਂ ਕੈਮਿਸਟ ਆਗੂਆਂ ਨੇ ਬੜੇ ਗੰਭੀਰ ਸਵਾਲ ਖੜ੍ਹੇ ਕੀਤੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਔਨਲਾਈਨ ਕੰਪਨੀਆਂ ਅਕਸਰ ਬਿਨਾਂ ਡਾਕਟਰੀ ਪਰਚੀ (Prescription) ਦੇ ਦਵਾਈਆਂ ਦੀ ਹੋਮ ਡਿਲੀਵਰੀ ਕਰ ਰਹੀਆਂ ਹਨ। ਇਸ ਨਾਲ ਨੌਜਵਾਨ ਪੀੜ੍ਹੀ ਵਿੱਚ ਨਸ਼ੀਲੀਆਂ ਦਵਾਈਆਂ ਦੀ ਦੁਰਵਰਤੋਂ ਵਧਣ ਦਾ ਖ਼ਤਰਾ ਹੈ। ਜਦੋਂ ਇੱਕ ਮਰੀਜ਼ ਦੁਕਾਨ 'ਤੇ ਜਾਂਦਾ ਹੈ, ਤਾਂ ਕੈਮਿਸਟ ਉਸ ਦੀ ਪਰਚੀ ਦੀ ਜਾਂਚ ਕਰਦਾ ਹੈ, ਪਰ ਔਨਲਾਈਨ ਪ੍ਰਣਾਲੀ ਵਿੱਚ ਅਜਿਹੀ ਕਿਸੇ ਸਰੀਰਕ ਜਾਂਚ ਦੀ ਘਾਟ ਹੈ। ਇਸ ਤੋਂ ਇਲਾਵਾ, ਦਵਾਈਆਂ ਨੂੰ ਸਹੀ ਤਾਪਮਾਨ (Cold Chain) ਵਿੱਚ ਰੱਖਣ ਦੇ ਨਿਯਮਾਂ ਦੀ ਵੀ ਔਨਲਾਈਨ ਡਿਲੀਵਰੀ ਦੌਰਾਨ ਉਲੰਘਣਾ ਹੋਣ ਦਾ ਡਰ ਰਹਿੰਦਾ ਹੈ।

## ਮਜ਼ਦੂਰ ਦਿਵਸ – ਮਜ਼ਦੂਰ ਦੀ ਤਾਕਤ



ਮਿੱਟੀ ਨਾਲ ਰਲ ਕੇ ਜਿੰਦਗੀ ਸਜਾਉਂਦਾ ਮਜ਼ਦੂਰ,
ਪੱਥਰਾਂ ਵਿੱਚੋਂ ਵੀ ਰਾਹ ਬਣਾਉਂਦਾ ਮਜ਼ਦੂਰ।
ਧੁੱਪਾਂ ਦੀ ਤਪਸ਼ ਹੋਵੇ ਜਾਂ ਸਿਆਲ ਦੀ ਠੰਢ,
ਹੌਸਲੇ ਨਾਲ ਹਰ ਰੁਕਾਵਟ ਲੰਘਾਉਂਦਾ ਮਜ਼ਦੂਰ।
ਹੱਥਾਂ 'ਚ ਛਾਲੇ, ਅੱਖਾਂ 'ਚ ਸੁਪਨੇ ਚਮਕਦੇ,
ਮੇਹਨਤ ਦੇ ਰੰਗ ਨਾਲ ਦਿਨ ਰਾਤ ਰੰਗਦਾ ਮਜ਼ਦੂਰ।
ਕਿਸੇ ਦੇ ਘਰਾਂ ਨੂੰ ਮਹਿਲ ਬਣਾਉਣ ਵਾਲਾ,
ਆਪਣੀ ਝੌਂਪੜੀ 'ਚ ਵੀ ਮੁਸਕਰਾਉਂਦਾ ਮਜ਼ਦੂਰ।
ਨਾ ਥੱਕਦਾ, ਨਾ ਰੁਕਦਾ, ਨਾ ਹਾਰ ਮੰਨਦਾ ਕਦੇ,
ਉਮੀਦਾਂ ਦੀ ਜੋਤ ਹਮੇਸ਼ਾ ਜਗਾਉਂਦਾ ਮਜ਼ਦੂਰ।
ਉਸ ਦੀ ਤਾਕਤ ਹੀ ਦੇਸ਼ ਦੀ ਅਸਲੀ ਸ਼ਾਨ ਹੈ,
ਹਰ ਮੁਸ਼ਕਲ ਨੂੰ ਹੱਸ ਕੇ ਮਿਟਾਉਂਦਾ ਮਜ਼ਦੂਰ।
ਆਓ ਸਿਰ ਨਿਵਾਈਏ ਉਸ ਦੀ ਮਿਹਨਤ ਅੱਗੇ,
ਜਿਸ ਦੇ ਬਿਨਾਂ ਕੁਝ ਵੀ ਨਾ ਬਣਦਾ ਇਹ ਸੰਸਾਰ,
ਮਜ਼ਦੂਰ ਹੀ ਹੈ ਅਸਲੀ ਹੀਰਾ, ਅਸਲੀ ਤਾਕਤ,
ਉਸ ਨਾਲ ਹੀ ਚਮਕਦਾ ਹਰ ਇੱਕ ਦਿਨ ਤੇ ਤਿਉਹਾਰ। 🌟
ਗੁਰਜੀਤ ਕੌਰ ਰਾਣੂ

## ਦੁੱਖਾਂ ਦੀ ਪੰਡ



ਦਰਦ ਘਟਾਉਣੇ ਵਾਲਾ ਦਰਦ ਵਧਾ ਕੇ ਤੁਰ ਗਿਆ ਏ।
ਦੁੱਖਾਂ ਦੀ ਪੰਡ ਝੋਲੀ ਦੇ ਵਿੱਚ ਪਾ ਕੇ ਤੁਰ ਗਿਆ ਏ।
ਅੱਜਕੱਲ੍ਹ ਜੋ ਮੈਂ ਲਿਖਦਾਂ ਬਿਰਹੋਂ ਭਿੱਜਿਆ ਲਿਖਦਾ ਹਾਂ,
ਵਸਲ ਦੇ ਨਗ਼ਮੇਂ ਉਹ ਤਾਂ ਬਹੁਤ ਲਿਖਾ ਕੇ ਤੁਰ ਗਿਆ ਏ।
ਉਸਨੂੰ ਚੰਗਾ-ਮਾੜਾ ਮੂੰਹੋਂ ਕੁੱਝ ਵੀ ਕਹਿਣਾ ਨਹੀਂ,
ਮੇਰੇ ਸਿਰ ਇਲਜਾਮ ਉਹ ਭਾਵੇਂ ਲਾ ਕੇ ਤੁਰ ਗਿਆ ਏ।
ਮੈਂ ਝੱਲਾ ਜਿਹਾ ਝੱਲਿਆਂ ਵਾਂਗੂੰ ਵਕਤ ਬਿਤਾਉਂਦਾ ਸੀ,
ਜਿੰਦਗੀ ਨੂੰ ਕਿੰਝ ਜੀਣਾ ਉਹ ਸਮਝਾ ਕੇ ਤੁਰ ਗਿਆ ਏ
ਪਹਿਲਾਂ ਮੇਰੇ ਪਿਆਰ ਦੀ ਗੁੱਡੀ ਅਰਸ਼ੀਂ ਚਾੜ੍ਹੀ ਸੀ,
ਫੇਰ ਉਹ ਉਸਨੂੰ ਧਰਤੀ ਤੇ ਪਟਕਾ ਕੇ ਤੁਰ ਗਿਆ ਏ।
ਉਹ ਪਲ ਮੇਰੀ ਜਿੰਦਗੀ ਦਾ ਸਰਮਾਇਆ ਬਣ ਗਏ ਨੇ,
ਮੇਰੇ ਹੱਥਾਂ ਨਾਲ ਉਹ ਹੱਥ ਛੁਹਾ ਕੇ ਤੁਰ ਗਿਆ ਏ।
ਛੱਡ 'ਨਾਗਰਾ' ਝੂਰੀ ਨਾ ਜਾਹ ਬੀਤੇ ਵੇਲੇ ਨੂੰ,
ਜਾਣੇ ਵਾਲਾ ਤੈਨੂੰ ਸਬਕ ਸਿਖਾ ਕੇ ਤੁਰ ਗਿਆ ਏ।
ਜਸਪਾਲ ਸਿੰਘ ਨਾਗਰਾ 'ਮਹਿੰਦਪੁਰੀਆ'
ਪੋਰਟਲੈਂਡ,ਓਰੇਗਨ (ਅਮਰੀਕਾ)
+13604481989

## ਜ਼ਿੰਦਗੀ ਬਦਲਣ ਵਾਲੇ ਅਨਮੁੱਲੇ ਵਿਚਾਰ



**ਸਲੋਕ...**

ਗੁੱਸੇ ਨੂੰ ਕਾਬੂ 'ਚ ਰੱਖੋ ਐਵੇਂ ਸਲੋਕ ਸੁਣਾ ਸੁਣਾ ਖੁੱਦ ਲਈ ਬੇਚੈਨੀ ਨਾ ਸਹੇੜੋ। ਨਫ਼ਰਤ ਵੰਡੋਂਗੇ ਤਾਂ ਨਫ਼ਰਤ ਹੀ ਮਿਲੇਗੀ॥ ਬਾਬਾ ਫਰੀਦ ਜੀ ਦੇ ਸਲੋਕ ਮੰਤਰ ਮੁਗਧ ਹੋ ਕੇ ਸੁਨਣ ਨਾਲ ਆਨੰਦ ਵੱਖਰਾ ਹੀ ਬੱਝਦੈ। ਹਰ ਸ਼ਬਦ ਦਿਲ 'ਚ ਉਤਰਦਾ ਹੀ ਜਾਂਦੈ॥ ਗੁਰੂ ਗਰੰਥ ਸਾਹਿਬ ਵਿੱਚ ਨਿਰਾਕਾਰ ਦੀ ਪ੍ਰਸੰਸਾ 'ਚ ਅਨੇਕ ਸਲੋਕ ਸਿਰਜੇ ਮਿਲਦੇ ਨੇ। ਦਿਲ ਕਰਦੈ ਕਰਤੇ ਦੀ ਪ੍ਰਸ਼ੰਸਾ ਸੁਣਦੇ ਹੀ ਜਾਓ॥

**ਭਾਰ...**

ਜ਼ਿੰਦਗੀ ਦਾ ਆਨੰਦ ਲੈਣੈ ਤਾਂ ਪਹਿਲਾਂ ਮਨ ਦੇ ਭਾਰ ਖਤਮ ਕਰੋ। ਦਿਲ ਸਾਫ ਅਤੇ ਨੀਤ ਸਿੱਧੀ ਨਾਲ ਚੱਲੋਂਗੇ ਤਾਂ ਕੋਈ ਭਾਰ ਤੰਗ ਨਹੀਂ ਕਰੇਗਾ॥ ਸਮੇਂ ਦੇ ਪਾਬੰਦ ਹੋਵੋ। ਕੰਮ ਵਕਤ ਸਿਰ ਨਿਪਟਦੇ ਰਹਿਣਗੇ। ਪੈਂਡੋਂਸੀ ਦਾ ਮਨ 'ਤੇ ਭਾਰ ਨਹੀਂ ਬਣੇਗਾ॥ ਵਿਕਰਮਾਂ ਦਾ ਭਾਰ ਅਕਸਰ ਬੰਦੇ ਨੂੰ ਅੰਦਰੋਂ ਖੋਖਲਾ ਕਰਦਾ ਰਹਿੰਦੈ। ਸਾਫ , ਸ਼ਪੱਸ਼ਟ ਮਨ ਤੇ ਲੰਬੀ ਸੋਚ ਲੈ ਕੇ ਚੱਲੋ ਤਾਂ ਮੰਦੇ ਕੰਮਾਂ ਤੋਂ ਬਚਾ ਰਹਿੰਦੈ॥

**ਭਰਪਾਈ...**

ਗਲਤੀ ਹੋਈ ਜਾਂ ਕੀਤੀ ਦਾ ਵਕਤ ਰਹਿੰਦਿਆਂ ਅਹਿਸਾਸ ਹੋ ਜਾਵੇ ਅਤੇ ਮੰਨ ਵੀ ਲਈ ਜਾਵੇ ਤਾਂ ਭਰਪਾਈ ਵਕਤ ਰਹਿੰਦਿਆਂ ਕੀਤੀ ਜਾ ਸਕਦੀ ਹੈ॥ ਉਮਰ ਭਰ ਦੁੱਜਿਆਂ ਦੀਆਂ ਗਲਤੀਆਂ ਦੀ ਭਰਪਾਈ ਕਰਨ 'ਚ ਜੁਟਿਆ ਮਨੁੱਖ ਖੁੱਦ ਅੰਦਰੋਂ ਖੋਖਲਾ ਹੁੰਦਾ ਜਾਂਦੈ। ਜਰੂਰਤ ਖੁੱਦ ਦੀ ਗਲਤੀ ਦੀ ਖੁੱਦ ਰਾਹੀਂ ਭਰਪਾਈ ਕਰਨ ਦੀ ਹੁੰਦੀ ਹੈ। ਬਾਕੀ ਤਾਂ ਭੁਲੇਖੇ ਨੇ॥ ਖੁੱਦ ਦੀ ਇੱਕ ਗਲਤੀ ਦੀ ਭਰਪਾਈ ਕਰਨ ਲਈ ਵੀ ਬੇਸਮਝ ਮਨੁੱਖ ਅਨੇਕਾ ਟੇਢੇ ਮੇ੍ਢੇ ਰਸਤਿਆਂ 'ਤੇ ਭਟਕਦਾ ਰਹਿੰਦੈ। ਮਸਲਾ ਸਵੈ ਚਿੰਤਨ ਦਾ ਹੰਦੈ॥

**ਭੋਂਦੂ...**

ਪਤਾ ਹੋਣ ਦੇ ਵਾਵਜੂਦ ਵੀ ਗਲਤੀ ਕਰਨਾ ਭੋਂਦੂ ਪੁਣਾ ਨਹੀਂ, ਚਲਾਕੀ ਹੁੰਦੀ ਹੈ। ਲਗਾਤਾਰ ਚਲਦੀ ਚਲਾਕੀ ਬੰਦੇ ਨੂੰ ਅਕਸਰ ਕੁਰਾਹੇ ਪਾ ਦਿੰਦੀ ਹੈ॥ ਜ਼ਮਾਨਾਂ ਤੇਜ਼ੀ ਦੈ। ਭੋਂਦੂ ਹਰ ਥਾਂ ਠੱਗਿਆ ਹੀ ਜਾਂਦੈ। ਸ਼ਰੀਫੀ ਚੰਗੀ ਹੈ ਪਰ ਸੁਸਤੀ ਛੱਡੋ। ਵਕਤ ਸਿਰ ਸਮਝ ਨਹੀਂ ਵਰਤੋਂਗੇ ਤਾਂ ਭੋਂਦੂ ਹੀ ਕਹਾਓਗੇ॥ ਜਾਣ ਬੁੱਝ ਕੇ ਭੋਂਦੂ ਬਨਣਾ ਬਹੁਤ ਖਤਰਨਾਕ ਹੁੰਦੈ। ਮੌਕਾ ਪ੍ਰਸਤੀ ਦੇ ਟ੍ਰਿਕ ਵਰਤਣੇ ਸ਼ੁਰੂ ਕਰ ਦਿੰਦੈ। ਅਖੀਰ ਪਛਤਾਉਂਦੈ॥

ਦਰਸ਼ਨ ਸਿੰਘ ਬਰੇਟਾ, ਪ੍ਰਿੰਸੀਪਲ/ਜਿਲਾ ਆਰ. ਕਮਿਸ਼ਨਰ ਮਾਨਸਾ।

# ਤੋਹਫ਼ਾ



"ਓ ਭਾਗਵਾਨੇ, ਕੀ ਕਰਦੀ ਆਂ?"
ਜੀਤ ਦੀ ਆਵਾਜ਼ ਸੁਣ ਕੇ ਗੁਰੀ ਨੇ ਤੇਜ਼ੀ ਨਾਲ ਜਵਾਬ ਦਿੱਤਾ, "ਹਾਂਜੀ, ਮੈਂ ਰਸੋਈ ਵਿੱਚ ਹਾਂ। ਦੱਸੋ ਕੀ ਚਾਹੀਦਾ?"
"ਓ ਬਾਬਾ, ਮੈਨੂੰ ਕੁਝ ਨਹੀਂ ਚਾਹੀਦਾ। ਤੂੰ ਮੇਰੀ ਗੱਲ ਸੁਣ, ਇੱਧਰ ਆ!"
ਗੁਰੀ ਚਿੰਤਾ ਨਾਲ ਰਸੋਈ ਵਿੱਚ ਪੋਚਾ ਲਾਉਂਦੀ-ਲਾਉਂਦੀ ਵਿਚਕਾਰ ਹੀ ਛੱਡ ਆਈ।
"ਕੀ ਹੋਇਆ ਭਲਾ? ਕੰਮ ਵੀ ਨਹੀਂ ਕਰਨ ਦਿੰਦੇ, ਸਿਖਰ ਦੁਪਹਿਰ ਹੋ ਗਈ ਹੈ!"
ਜੀਤ ਨੇ ਕਿਹਾ, "ਤੂੰ ਪਹਿਲਾਂ ਗੱਲ ਸੁਣ।"
"ਇਹ ਕੀ ਗੱਲ ਬਣੀ, ਕੰਮ ਮੇਰਾ ਛੁਡਵਾ ਦਿੱਤਾ ਤੇ ਹੁਣ ਕਹਿੰਦੇ ਹੋ 'ਤੂੰ ਦੱਸ'! ਹਾਕ ਤਾਂ ਤੁਸੀਂ ਮਾਰੀ ਸੀ।"
ਜੀਤ ਬੋਲਿਆ, "ਮੈਂ ਤਾਂ ਇਹ ਪੁੱਛਦਾ ਹਾਂ ਕਿ ਤੈਨੂੰ ਇਸ ਵਾਰ ਤੋਹਫ਼ਾ ਕੀ ਚਾਹੀਦਾ?"
"ਕਾਹਦਾ ਤੋਹਫ਼ਾ? ਕਿਹੜਾ ਤੋਹਫ਼ਾ? ਮੈਂ ਤਾਂ ਕੁਝ ਨਹੀਂ ਮੰਗਿਆ!"
"ਅੱਛਾ, ਤੈਨੂੰ ਯਾਦ ਨਹੀਂ ਕਿ ਪਰਸੋਂ ਕੀ ਹੈ?"
ਗੁਰੀ ਨੇ ਖਿਝ ਕੇ ਕਿਹਾ, "ਕੀ ਹੈ? ਮੈਨੂੰ ਕੰਮ ਕਰ ਲੈਣ ਦਿਓ, ਧੁੱਪ ਸਿਰ 'ਤੇ ਚੜ੍ਹ ਗਈ ਹੈ।"
"ਤੂੰ ਮੇਰੀ ਗੱਲ ਸੁਣਦੀ ਕਿਉਂ ਨਹੀਂ!" ਜੀਤ ਨੇ ਥੋੜ੍ਹਾ ਉੱਚੀ ਆਵਾਜ਼ ਵਿੱਚ ਕਿਹਾ।
ਗੁਰੀ ਬੋਲੀ, "ਜਦੋਂ ਮੈਨੂੰ ਪਤਾ ਹੀ ਨਹੀਂ ਕਿ ਕਾਹਦਾ ਤੋਹਫ਼ਾ ਹੈ, ਤਾਂ ਹੀ ਮੰਗੂੰਗੀ ਨਾ! ਨਾਲੇ ਤੋਹਫ਼ੇ ਮੰਗ ਕੇ ਨਹੀਂ ਲਏ ਜਾਂਦੇ, ਉਹ ਤਾਂ ਆਪੇ ਮਿਲਦੇ ਨੇ।"
ਜੀਤ ਨੇ ਸਮਝਾਇਆ, "ਮੈਂ ਤਾਂ ਤੇਰੀ ਸਲਾਹ ਲੈ ਰਿਹਾ ਸੀ ਕਿ ਤੇਰੇ ਜਨਮਦਿਨ 'ਤੇ ਕੀ ਲਿਆ ਕੇ ਦੇਵਾਂ?"
"ਲੈ ਦੱਸ! ਏਡੀ ਪੀਂਘ ਪਾਉਣ ਦੀ ਕੀ ਲੋੜ ਸੀ? ਫਿਰ ਮਜ਼ਦੂਰ ਦਿਵਸ 'ਤੇ ਕੀ ਮਿਲਦਾ ਹੈ?" ਹੱਸਦੀ ਹੋਈ ਗੁਰੀ ਫਿਰ ਪੋਚਾ ਲਾਉਣ ਚਲੀ ਗਈ।
ਜੀਤ ਪਿੱਛੋਂ ਬੋਲਿਆ, "ਪੱਕਾ ਦੱਸ, ਇਸ ਵਾਰ ਵਧੀਆ ਤੋਹਫ਼ਾ ਲੈ ਕੇ ਆਵਾਂਗਾ।"
ਗੁਰੀ ਨੇ ਅੰਦਰੋਂ ਹੀ ਜਵਾਬ ਦਿੱਤਾ, "ਨਾ, ਪਹਿਲਾਂ ਕਿਹੜਾ ਇੰਨੇ ਵਰ੍ਹਿਆਂ ਵਿੱਚ ਮੇਰੇ ਲਈ ਤੋਹਫ਼ੇ ਲਿਆ ਕੇ ਅਲਮਾਰੀਆਂ ਭਰ ਦਿੱਤੀਆਂ ਨੇ! ਮੈਨੂੰ ਨਹੀਂ ਚਾਹੀਦਾ ਕੋਈ ਤੋਹਫ਼ਾ, ਰੱਖੋ ਆਪਣਾ ਤੋਹਫ਼ਾ ਆਪਣੇ ਕੋਲ।"
ਇੰਨੇ ਨੂੰ ਉਨ੍ਹਾਂ ਦਾ ਪੁੱਤਰ ਜੋਤ ਬੋਲਿਆ, "ਮਾਂ, ਜੇ ਤੋਹਫ਼ਾ ਮਿਲ ਰਿਹਾ ਹੈ ਤਾਂ ਤੁਸੀਂ ਲੈ ਕਿਉਂ ਨਹੀਂ ਲੈਂਦੇ?"
"ਜੋਤ ਪੁੱਤ, ਤੂੰ ਚੁੱਪ ਕਰ। ਤੈਨੂੰ ਇਨ੍ਹਾਂ ਦਾ ਨਹੀਂ ਪਤਾ, ਬਾਅਦ ਵਿੱਚ ਸੁਣਾਈ ਜਾਣਗੇ ਕਿ ਇੰਨਾ ਮਹਿੰਗਾ ਤੋਹਫ਼ਾ ਲੈ ਲਿਆ। ਇਸ ਲਈ ਮੈਨੂੰ ਕੁਝ ਨਹੀਂ ਚਾਹੀਦਾ। ਨਾਲੇ ਹੌਲੀ ਬੋਲੋ, ਇੰਦਰ ਮਸਾਂ ਸੁੱਤਾ ਹੈ, ਉਹ ਉੱਠ ਜਾਵੇਗਾ। ਐਵੇਂ ਅੱਜ ਕਾਵਾਂ-ਰੌਲੀ ਪਾਈ ਹੋਈ ਹੈ।"
"ਓ ਬਾਬਾ, ਮੈਂ ਕੁਝ ਨਹੀਂ ਸੁਣਾਉਂਦਾ, ਤੂੰ ਬੱਸ ਦੱਸ ਦੇ ਕੀ ਚਾਹੀਦਾ?" ਜੀਤ ਆਪਣੀ ਗੱਲ 'ਤੇ ਅੜਿਆ ਰਿਹਾ।
ਜਦੋਂ ਜੀਤ ਪੁੱਛਣੋਂ ਨਾ ਹਟਿਆ ਤਾਂ ਗੁਰੀ ਬੋਲੀ, "ਅੱਛਾ ਠੀਕ ਹੈ, ਮੈਨੂੰ ਪੋਚਾ ਧੋ ਕੇ ਆਉਣ ਦਿਓ, ਫਿਰ ਪੱਖੇ ਦੀ ਹਵਾ ਥੱਲੇ ਬੈਠ ਕੇ ਦੱਸਦੀ ਹਾਂ ਕਿ ਕੀ ਚਾਹੀਦਾ।"
ਹੱਥ ਸਾਫ਼ ਕਰਨ ਤੋਂ ਬਾਅਦ ਤੌਲੀਏ ਨਾਲ ਹੱਥ ਸੁਕਾਉਂਦੀ ਹੋਈ ਗੁਰੀ ਆਈ ਤੇ ਕਹਿਣ ਲੱਗੀ, "ਮੈਨੂੰ ਨਾ ਉਸ ਦਿਨ, ਜਿਵੇਂ ਸਾਰੇ ਮਜ਼ਦੂਰਾਂ ਨੂੰ ਛੁੱਟੀ ਹੁੰਦੀ ਹੈ, ਬੱਸ ਉਵੇਂ ਹੀ ਸਾਰੇ ਕੰਮਾਂ ਤੋਂ ਛੁੱਟੀ ਚਾਹੀਦੀ ਹੈ। ਸਵੇਰੇ ਚਾਰ ਵਜੇ ਤੋਂ ਉੱਠ ਕੇ ਰਾਤ ਦੇ ਦਸ ਵਜੇ ਤੱਕ 'ਚੱਲੋ-ਚੱਲੀ' ਹੋਈ ਰਹਿੰਦੀ ਹੈ। ਬੱਸ ਇੱਕ ਦਿਨ ਆਰਾਮ ਮਿਲ ਜਾਵੇ।"
"ਹੈਂ! ਕਮਲੀਏ, ਇਹ ਵੀ ਕੋਈ ਤੋਹਫ਼ਾ ਹੋਇਆ?" ਜੀਤ ਹੱਸਦਾ ਹੋਇਆ ਬੋਲਿਆ, "ਮੈਂ ਆਪੇ ਹੀ ਕੁਝ ਲੈ ਆਵਾਂਗਾ, ਬੱਸ ਰਹਿਣ ਦੇ ਤੂੰ ਦੱਸਣ ਨੂੰ..."
"ਫਿਰ ਪੁੱਛਿਆ ਹੀ ਕਿਉਂ ਸੀ? ਮੇਰੇ ਕੋਲ ਸਭ ਕੁਝ ਹੈ, ਬੱਸ ਇੱਕ ਆਰਾਮ ਨਹੀਂ ਹੈ, ਜੋ ਮੈਨੂੰ ਤੋਹਫ਼ੇ ਵਿੱਚ ਚਾਹੀਦਾ ਹੈ। ਉਹ ਵੀ ਸਿਰਫ਼ ਇੱਕ ਦਿਨ ਦਾ," ਭਰੀਆਂ ਅੱਖਾਂ ਨਾਲ ਗੁਰੀ ਬੋਲੀ।
ਜੋਤ ਆਪਣੀ ਮਾਂ ਦੀ ਗੱਲ ਸੁਣ ਕੇ ਭਾਵੁਕ ਹੋ ਗਿਆ। ਉਸ ਨੇ ਮਾਂ ਨੂੰ ਜੱਫੀ ਪਾ ਲਈ ਤੇ ਕਿਹਾ, "ਮਾਂ, ਤੁਸੀਂ ਆਰਾਮ ਕਰ ਲੈਣਾ, ਉਸ ਦਿਨ ਘਰ ਦੇ ਸਾਰੇ ਕੰਮ ਮੈਂ ਕਰ ਲਵਾਂਗਾ।"

(ਚੱਲਦਾ)

ਗੁਰਜੀਤ ਕੌਰ ਰਾਣੂ. ✍🏻

## ਸਾਹਿਤ ਵਿਰਸੇ ਪ੍ਰੀ ਲਿਖਣ ਵਾਲੇ ਅਤੇ ਹਰ ਸਮੇਂ ਫੇਸਬੁੱਕ ਤੇ ਸਰਗਰਮ ਰਹਿਣ ਵਾਲੇ ਲੇਖਕ ਜਸਵੀਰ ਸ਼ਰਮਾ ਦੱਦਾਹੂਰ ਬਾਰੇ

## ਇਹ ਜਾਣਕਾਰੀ ਏ ਆਈ ਤਕਨੀਕ ਤੋਂ ਉਪਲੱਬਧ ਹੋਈ

ਜਸਵੀਰ ਸ਼ਰਮਾ ਦੱਦਾਹੂਰ ਪੰਜਾਬੀ ਸਾਹਿਤ ਦੇ ਇੱਕ ਸਰਗਰਮ ਲੇਖਕ,ਕਵੀ ਅਤੇ ਸਮਾਜਿਕ ਵਿਚਾਰਕ ਹਨ।
ਮੁੱਖ ਜਾਣਕਾਰੀ
ਇਹਨਾਂ ਦਾ ਸੰਬੰਧ ਸ੍ਰੀ ਮੁਕਤਸਰ ਸਾਹਿਬ (ਪੰਜਾਬ) ਨਾਲ ਹੈ �
punjabimaa.com +1
ਇਹ ਕਵਿਤਾ, ਲੇਖ, ਮਿੰਨੀ ਕਹਾਣੀ ਅਤੇ ਕਾਵਿ-ਵਿਅੰਗ ਵਰਗੀਆਂ ਵੱਖ-ਵੱਖ ਸਾਹਿਤਕ ਸ਼ੈਲੀਆਂ ਵਿੱਚ ਲਿਖਦੇ ਹਨ �
punjabimaa.com
ਇਹ ਕਾਫੀ ਸਮੇਂ ਤੋਂ ਲਿਖਣ ਦੇ ਖੇਤਰ ਵਿੱਚ ਸਰਗਰਮ ਹਨ ਅਤੇ ਪੰਜਾਬੀ ਭਾਸ਼ਾ ਤੇ ਵਿਰਸੇ ਨਾਲ ਜੁੜੇ ਵਿਸ਼ਿਆਂ 'ਤੇ ਲਿਖਦੇ ਹਨ �
Sada Moga | Online Punjabi News
ਸਾਹਿਤਕ ਯੋਗਦਾਨ
ਇਨ੍ਹਾਂ ਨੇ ਕਈ ਕਵਿਤਾਵਾਂ, ਲੇਖ ਅਤੇ ਕਹਾਣੀਆਂ ਲਿਖੀਆਂ ਹਨ ਜਿਵੇਂ:
ਦਰੱਖਤ ਲਾਈਏ (ਕਵਿਤਾ)
ਅਰਜੋਈ (ਕਵਿਤਾ)
ਆਤਮ ਵਿਸ਼ਵਾਸ (ਲੇਖ)
ਯਾਦਗਾਰੀ ਫੈਸਲਾ (ਮਿੰਨੀ ਕਹਾਣੀ) �
punjabimaa.com +3
ਇਨ੍ਹਾਂ ਦੀਆਂ ਲਿਖਤਾਂ ਵਿੱਚ ਸਮਾਜਿਕ ਸੁਧਾਰ, ਨਸ਼ਿਆਂ ਵਿਰੁੱਧ ਸੁਨੇਹਾ, ਵਾਤਾਵਰਣ ਸੁਰੱਖਿਆ, ਇਨਸਾਨੀਅਤ ਅਤੇ ਪੰਜਾਬੀ ਵਿਰਸੇ ਦੀ ਗੱਲ ਵੱਧ ਹੁੰਦੀ ਹੈ �
punjabimaa.com +1
ਵਿਸ਼ੇਸ਼ ਗੱਲਾਂ
ਇਹਨਾਂ ਨੂੰ "ਵਿਰਸੇ ਦਾ ਵਾਰਿਸ" ਵਰਗੇ ਸਨਮਾਨ ਨਾਲ ਵੀ ਨਿਵਾਜਿਆ ਗਿਆ ਹੈ �
Sada Moga | Online Punjabi News
ਕਿਤਾਬਾਂ ਅਤੇ ਲੇਖਾਂ ਰਾਹੀਂ ਪੰਜਾਬੀ ਸਾਹਿਤ ਵਿੱਚ ਯੋਗਦਾਨ ਪਾਇਆ
ਸਾਦੀ ਤੇ ਸਿੱਧੀ ਭਾਸ਼ਾ ਵਿੱਚ ਸਮਾਜਿਕ ਸੱਚਾਈਆਂ ਲਿਖਣ ਲਈ ਜਾਣੇ ਜਾਂਦੇ ਹਨ �
janshaktinews.com
✅ ਸੰਖੇਪ ਵਿੱਚ:
ਜਸਵੀਰ ਸ਼ਰਮਾ ਦੱਦਾਹੂਰ ਇੱਕ ਪ੍ਰਸਿੱਧ ਪੰਜਾਬੀ ਲੇਖਕ ਹਨ ਜੋ ਆਪਣੇ ਲਿਖਤਾਂ ਰਾਹੀਂ ਸਮਾਜਿਕ ਮੁੱਦੇ, ਇਨਸਾਨੀਅਤ ਅਤੇ ਪੰਜਾਬੀ ਵਿਰਸੇ ਨੂੰ ਉਭਾਰਦੇ ਹਨ।ਇਨ੍ਹਾਂ ਦੀਆਂ ਪੁਰਾਤਨ ਵਿਰਸੇ ਪ੍ਰੀ ਸੱਤ ਪੁਸਤਕਾਂ ਛਪੀਆਂ ਹਨ ਜਿਨ੍ਹਾਂ ਵਿੱਚ ਦੋ ਵਾਰਤਕ




ਪੰਜਾਬੀ ਵਿਰਸੇ ਦੀਆਂ ਅਣਮੁੱਲੀਆਂ ਯਾਦਾਂ, ਸਾਡਾ ਵਿਰਸਾ ਤੇ ਪੰਜ ਵਿਰਸੇ ਦੀ ਲੋਅ, ਵਿਰਸੇ ਦੀ ਖੁਸ਼ਬੋ, ਵਿਰਸੇ ਦੀ ਸੌਗਾਤ, ਵਿਰਸੇ ਦੇ ਰਾਗ, ਵਿਰਸੇ ਦੀਆਂ ਪੌਣਾਂ ਕਾਵਿ ਸੰਗ੍ਰਹਿ ਹਨ। ਇਹ ਆਪ ਖੁਦ ਵੀ ਬਹੁਤ ਵਧੀਆ ਗਾ ਲੈਂਦੇ ਹਨ ਤੇ ਇਨ੍ਹਾਂ ਦੇ ਗਾਏ ਹੋਏ ਗੀਤ ਇਨ੍ਹਾਂ ਦੇ ਚੈਨਲ Jasveer Sharma Dadahoor de evergreen song ਤੇ ਸਰਚ ਕਰਕੇ ਸੁਣੇ ਜਾ ਸਕਦੇ ਹਨ ਜੋ ਇੱਕ ਸੌ ਪੰਤਾਲੀ ਦੇ ਕਰੀਬ ਹਨ। ਬਹੁਤ ਸਾਰੀਆਂ ਹੋਰ ਵੀ ਸਾਹਿਤ ਸਭਾਵਾਂ ਵੱਲੋਂ ਇਨ੍ਹਾਂ ਨੂੰ ਮਾਣ ਸਤਿਕਾਰ ਮਿਲ ਚੁੱਕਾ ਹੈ। ਹੁਣ ਵੀ ਇਨ੍ਹਾਂ ਦੀ ਕਲਮ ਲਗਾਤਾਰ ਚੱਲ ਰਹੀ ਹੈ ਤੇ ਹਰ ਰੋਜ਼ ਪ੍ਰਿੰਟ ਜਾਂ ਔਨ ਲਾਈਨ ਅਖਬਾਰਾਂ ਵਿੱਚ ਇਨ੍ਹਾਂ ਦੀਆਂ ਰਚਨਾਵਾਂ ਅਕਸਰ ਛਪਦੀਆਂ ਰਹਿੰਦੀਆਂ ਹਨ ਜਿਨ੍ਹਾਂ ਨੂੰ ਪਾਠਕਾਂ ਵੱਲੋਂ ਭਰਪੂਰ ਹੁੰਗਾਰਾ ਮਿਲਦਾ ਹੈ।ਇਨ੍ਹਾਂ ਨੂੰ ਆਪਣੀ ਰਚਨਾ ਬੇਬਾਕੀ ਨਾਲ ਸਟੇਜ ਤੋਂ ਕਹਿਣ ਚ ਖਾਸ ਮੁਹਾਰਤ ਹਾਸਲ ਹੈ।

ਕੇਸਰ ਸਿੰਘ /ਸ਼ੇਰੂ ਅਬੋਹਰ
75891-87764

## ਜ਼ਿੰਦਗੀ ਦੀਆਂ ਅਧੂਰੀਆਂ ਖਾਹਿਸ਼ਾਂ ਅਤੇ ਸਵੀਕਾਰ ਕਰਨ ਦੀ ਕਲਾ



ਕਦੇ ਸੋਚਿਆ ਹੈ ਕਿ ਸਾਡੀ ਜ਼ਿੰਦਗੀ ਖਾਹਿਸ਼ਾਂ ਦਾ ਇੱਕ ਅਜਿਹਾ ਸਫ਼ਰ ਹੈ, ਜਿਸਦੀ ਕੋਈ ਆਖ਼ਰੀ ਮੰਜ਼ਿਲ ਨਹੀਂ ਹੁੰਦੀ। ਅਸੀਂ ਆਪਣੇ ਮਨ ਦੇ ਵਿਹੜੇ ਵਿੱਚ ਕਿੰਨੇ ਹੀ ਸੁਪਨੇ ਬੀਜਦੇ ਹਾਂ, ਪਰ ਇਹ ਇੱਕ ਅਟੱਲ ਸੱਚਾਈ ਹੈ ਕਿ ਸਭ ਕੁਝ ਸਾਡੀ ਝੋਲੀ ਵਿੱਚ ਨਹੀਂ ਪੈਂਦਾ। ਕੁਝ ਖਾਹਿਸ਼ਾਂ ਅਤੇ ਕੁਝ ਰਿਸ਼ਤੇ ਹਮੇਸ਼ਾ ਲਈ ਅਧੂਰੇ ਰਹਿ ਜਾਂਦੇ ਹਨ। ਅਸੀਂ ਅਕਸਰ "ਕਾਸ਼! ਇੰਝ ਹੋ ਜਾਂਦਾ" ਦੇ ਬੋਝ ਹੇਠ ਆਪਣੀ ਅੱਜ ਦੀ ਜ਼ਿੰਦਗੀ ਦਾ ਸਕੂਨ ਵੀ ਗੁਆ ਲੈਂਦੇ ਹਾਂ ਅਤੇ ਉਹਨਾਂ ਦਾਤਾਂ ਨੂੰ ਵੀ ਅੱਖੋਂ-ਪਰੋਖੇ ਕਰ ਦਿੰਦੇ ਹਾਂ ਜੋ ਰੱਬ ਨੇ ਸਾਨੂੰ ਬਿਨਾਂ ਮੰਗੇ ਦਿੱਤੀਆਂ ਹੁੰਦੀਆਂ ਹਨ। ਅਸੀਂ ਉਹਨਾਂ ਚੀਜ਼ਾਂ ਲਈ ਰੋਂਦੇ ਰਹਿੰਦੇ ਹਾਂ ਜੋ ਸਾਨੂੰ ਨਹੀਂ ਮਿਲੀਆਂ। ਪਰ ਜੇਕਰ ਜ਼ਿੰਦਗੀ ਨੂੰ ਥੋੜ੍ਹਾ ਗੌਰ ਨਾਲ ਸਮਝੀਏ, ਤਾਂ ਪਤਾ ਲੱਗੇਗਾ ਕਿ ਇਸ ਦੁਨੀਆ ਵਿੱਚ ਕੋਈ ਵੀ ਇਨਸਾਨ ਮੁਕੰਮਲ ਨਹੀਂ ਹੈ। ਵੱਡੇ ਤੋਂ ਵੱਡੇ ਕਾਮਯਾਬ ਇਨਸਾਨ ਦੇ ਦਿਲ ਵਿੱਚ ਵੀ ਕੋਈ ਨਾ ਕੋਈ ਅਧੂਰੀ ਖਾਹਿਸ਼ ਜ਼ਰੂਰ ਸਿਸਕਦੀ ਹੁੰਦੀ ਹੈ। ਇੱਥੇ ਹੀ 'ਸਵੀਕਾਰ ਕਰਨ ਦੀ ਕਲਾ' (Acceptance) ਦਾ ਜਨਮ ਹੁੰਦਾ ਹੈ। ਸਵੀਕਾਰ ਕਰਨ ਦਾ ਮਤਲਬ ਹਾਰ ਮੰਨਣਾ ਬਿਲਕੁਲ ਨਹੀਂ, ਸਗੋਂ ਇਸਦਾ ਮਤਲਬ ਹੈ ਕਿ ਅਸੀਂ ਉਸ ਸੱਚਾਈ ਨਾਲ ਸਮਝੌਤਾ ਕਰ ਲਿਆ ਹੈ ਜਿਸਨੂੰ ਅਸੀਂ ਬਦਲ ਨਹੀਂ ਸਕਦੇ। ਜਦੋਂ ਅਸੀਂ ਆਪਣੀ ਜ਼ਿੱਦ ਛੱਡ ਕੇ ਇਹ ਮੰਨ ਲੈਂਦੇ ਹਾਂ ਕਿ "ਜੋ ਨਹੀਂ ਮਿਲਿਆ, ਉਹ ਸ਼ਾਇਦ ਮੇਰੇ ਲਈ ਬਣਿਆ ਹੀ ਨਹੀਂ ਸੀ," ਤਾਂ ਅੰਦਰ ਪਿਛਲੇ ਕਈ ਸਾਲਾਂ ਤੋਂ ਚੱਲ ਰਿਹਾ ਤੂਫ਼ਾਨ ਅਚਾਨਕ ਸ਼ਾਂਤ ਹੋ ਜਾਂਦਾ ਹੈ। ਇਹ ਸਵੀਕ੍ਰਿਤੀ ਸਾਡੀ ਰੂਹ ਨੂੰ ਆਜ਼ਾਦ ਕਰ ਦਿੰਦੀ ਹੈ। ਜਿਵੇਂ ਪੱਤਝੜ ਤੋਂ ਬਿਨਾਂ ਦਰੱਖਤਾਂ 'ਤੇ ਨਵੇਂ ਪੱਤੇ ਨਹੀਂ ਆਉਂਦੇ, ਉਵੇਂ ਹੀ ਪੁਰਾਣੀਆਂ ਤੇ ਅਧੂਰੀਆਂ ਖਾਹਿਸ਼ਾਂ ਨੂੰ ਮਨੋਂ ਲਾਹੇ ਬਿਨਾਂ ਜ਼ਿੰਦਗੀ ਵਿੱਚ ਨਵੀਆਂ ਖੁਸ਼ੀਆਂ ਦਸਤਕ ਨਹੀਂ ਦਿੰਦੀਆਂ। ਆਓ, ਜੋ ਚੀਜ਼ਾਂ ਸਾਡੇ ਹੱਥੋਂ ਰੇਤ ਵਾਂਗ ਕਿਰ ਗਈਆਂ, ਉਹਨਾਂ ਦਾ ਅਫ਼ਸੋਸ ਮਨਾਉਣ ਦੀ ਬਜਾਏ, ਜੋ ਬਚ ਗਿਆ ਹੈ ਉਸਨੂੰ ਪਿਆਰ ਨਾਲ ਗਲ਼ੇ ਲਗਾਈਏ। ਆਪਣੀਆਂ ਕਮੀਆਂ ਅਤੇ ਆਪਣੇ ਅਧੂਰੇਪਣ ਨਾਲ ਪਿਆਰ ਕਰਨਾ ਸਿੱਖੀਏ। ਕਿਉਂਕਿ ਜਿਸ ਦਿਨ ਅਸੀਂ ਹਾਲਾਤਾਂ ਨੂੰ ਉਸੇ ਰੂਪ ਵਿੱਚ ਸਵੀਕਾਰ ਕਰਨਾ ਸਿੱਖ ਲਿਆ, ਤਾਂ ਯਕੀਨ ਮੰਨਿਓ, ਜ਼ਿੰਦਗੀ ਦਾ ਹਰ ਪਲ ਇੱਕ ਖੂਬਸੂਰਤ ਕਵਿਤਾ ਵਾਂਗ ਲੱਗਣ ਲੱਗ ਪਵੇਗਾ ਅਤੇ ਸਾਡਾ ਅੰਦਰਲਾ ਸ਼ੋਰ ਹਮੇਸ਼ਾ ਲਈ ਸਕੂਨ ਵਿੱਚ ਬਦਲ ਜਾਵੇਗਾ।

ਸਨਦੀਪ ਸਿੱਧੂ - 9463661542

ਅਦਾਰਾ ਸੀ 7 ਨਿਊਜ਼ ਵਿੱਚ ਲੇਖਕਾਂ ਦੁਆਰਾ ਲਗਵਾਈਆਂ ਜਾਂਦੀਆਂ ਕਵਿਤਾਵਾਂ, ਕਹਾਣੀਆਂ, ਲੇਖ ਆਦਿ ਲੇਖਕਾਂ ਦੇ ਨਿੱਜੀ ਵਿਚਾਰ ਹਨ
ਇਸਦੇ ਨਾਲ ਅਦਾਰਾ ਸੀ 7 ਨਿਊਜ਼ ਦੇ ਐਡੀਟਰ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ

## Cee7News ਉਨ੍ਹਾਂ ਨੇ ਅੰਦਰ ਦੇਖਿਆ ਅਤੇ ਬੁੱਧ ਉੱਥੇ ਖੜ੍ਹੇ ਸਨ।ਉਨ੍ਹਾਂ ਨੇ ਬੁੱਧ ਨੂੰ ਕਿਹਾ, “ਗੁਰੂਵਰ, ਤੁਸੀਂ ਬਾਰਾਂ ਸਾਲਾਂ ਤੋਂ ਕਿੱਥੇ ਸੀ? ਜਦੋਂ ਮੈਂ ਸੱਚਮੁੱਚ ਸਖ਼ਤ ਮਿਹਨਤ ਕਰ ਰਿਹਾ ਸੀ,

# ਬੋਧੀ ਗ੍ਰੰਥਾਂ ਵਿੱਚ ਇੱਕ ਬਹੁਤ ਮਹਾਨ ਪ੍ਰਬੁੱਧ ਵਿਅਕਤੀ ਆਰੀਆ ਅਸੰਗ ਦਾ ਨਾਮ ਆਉਂਦਾ ਹੈ।

ਬੋਧੀ ਗ੍ਰੰਥਾਂ ਵਿੱਚ ਇੱਕ ਬਹੁਤ ਮਹਾਨ ਪ੍ਰਬੁੱਧ ਵਿਅਕਤੀ ਆਰੀਆ ਅਸੰਗ ਦਾ ਨਾਮ ਆਉਂਦਾ ਹੈ। ਉਹ ਬੁੱਧ ਤੋਂ ਬਾਅਦ ਸਭ ਤੋਂ ਮਹਾਨ ਬੋਧੀ ਗੁਰੂਆਂ ਵਿੱਚੋਂ ਇੱਕ ਹਨ। ਤਿੰਨ ਸਾਲਾਂ ਤੱਕ ਉਨ੍ਹਾਂ ਨੇ ਹਿਮਾਲਿਆ ਦੀ ਇੱਕ ਗੁਫਾ ਵਿੱਚ ਤਪੱਸਿਆ ਕੀਤੀ। ਉਨ੍ਹਾਂ ਨੇ ਆਪਣੀ ਪੂਰੀ ਊਰਜਾ ਜਾਗਰੂਕ ਹੋਣ ਵਿੱਚ ਲਗਾ ਦਿੱਤੀ। ਤਿੰਨ ਸਾਲਾਂ ਤੱਕ, ਦਿਨ-ਬ-ਦਿਨ, ਉਨ੍ਹਾਂ ਨੇ ਹੋਰ ਕੁਝ ਨਹੀਂ ਕੀਤਾ; ਬੱਸ ਉਹ ਹਰ ਯਤਨ ਕੀਤਾ ਜੋ ਉਹ ਜਾਗਰੂਕ ਹੋਣ ਲਈ ਕਰ ਸਕਦੇ ਸਨ। ਉਹ ਜਾਗਰੂਕ ਤਾਂ ਹੋ ਗਏ ਪਰ ਅੰਦਰ ਕੁਝ ਅਸੰਤੁਸ਼ਟੀ ਰਹਿ ਗਈ । ਇਹ ਮਹਿਸੂਸ ਕਰਨਾ ਬਹੁਤ ਮੁਸ਼ਕਲ ਸੀ ਕਿ ਇਹ ਅਸੰਤੁਸ਼ਟੀ ਕਿੱਥੋਂ ਆ ਰਹੀ ਸੀ, ਕਿਉਂਕਿ ਉਹ ਬਿਲਕੁਲ ਮੌਨ ਸਨ, ਸ਼ਾਂਤ ਸਨ, ਸੁਚੇਤ ਸਨ, ਪਰ ਕੁਝ ਜੰਮਿਆ ਹੋਇਆ ਸੀ। ਉੱਥੇ ਨਿੱਘ (ਗਰਮਾਹਟ) ਨਹੀਂ ਸੀ, ਆਰਾਮਦਾਇਕ ਨਹੀਂ ਸੀ। ਇਹ ਪਰਾਇਆ ਜਿਹਾ ਸੀ, ਜਿਵੇਂ ਕੋਈ ਰੇਗਿਸਤਾਨ ਵਿੱਚ ਗੁਆਚ ਗਿਆ ਹੋਵੇ।

ਤਿੰਨ ਸਾਲਾਂ ਬਾਅਦ ਉਨ੍ਹਾਂ ਨੇ ਗੁਫਾ ਛੱਡ ਦਿੱਤੀ ਅਤੇ ਵਾਪਸ ਦੁਨੀਆ ਵਿੱਚ ਜਾਣਾ ਚਾਹਿਆ। ਧਿਆਨ ਦੀ ਦਿਸ਼ਾ ਵਿੱਚ ਕੀਤਾ ਗਿਆ ਸਾਰਾ ਯਤਨ ਵਿਅਰਥ ਅਤੇ ਨਿਰਰਥਕ ਲੱਗ ਰਿਹਾ ਸੀ। ਗੁਫਾ ਦੇ ਬਾਹਰ ਉਹ ਅੱਗੇ ਵਧਣ ਦਾ ਇੰਤਜ਼ਾਰ ਕਰ ਰਹੇ ਸਨ ਅਤੇ ਫੈਸਲਾ ਲੈ ਰਹੇ ਸਨ ਕਿ ਉਨ੍ਹਾਂ ਨੂੰ ਜਾਣਾ ਚਾਹੀਦਾ ਹੈ ਜਾਂ ਨਹੀਂ ਅਤੇ ਕੀ ਕਰਨਾ ਚਾਹੀਦਾ ਹੈ। ਉਨ੍ਹਾਂ ਨੇ ਦੇਖਿਆ ਕਿ ਇੱਕ ਛੋਟੀ ਜਿਹੀ ਚਿੜੀ ਆਲ੍ਹਣਾ ਬਣਾਉਣ ਲਈ ਤਿਨਕੇ ਅਤੇ ਪੱਤੇ ਲਿਆ ਰਹੀ ਹੈ। ਪੱਤੇ ਅਤੇ ਤਿਨਕੇ ਹੇਠਾਂ ਡਿੱਗਦੇ ਰਹੇ ਕਿਉਂਕਿ ਉਸ ਜਗ੍ਹਾ 'ਤੇ ਆਲ੍ਹਣਾ ਬਣਨ ਦੀ ਕੋਈ ਸੰਭਾਵਨਾ ਨਹੀਂ ਸੀ; ਉਹ ਜਗ੍ਹਾ ਆਲ੍ਹਣੇ ਨੂੰ ਟਿਕਣ ਨਹੀਂ ਦੇ ਰਹੀ ਸੀ। ਪਰ ਚਿੜੀ ਲਗਾਤਾਰ ਜਾਂਦੀ ਅਤੇ ਹੋਰ ਪੱਤੇ ਲਿਆਉਂਦੀ, ਉਨ੍ਹਾਂ ਨੂੰ ਉੱਥੇ ਰੱਖਦੀ ਪਰ ਉਹ ਹੇਠਾਂ ਡਿੱਗ ਜਾਂਦੇ। ਇਹ ਲਗਭਗ ਅਸੰਭਵ ਸੀ ਪਰ ਚਿੜੀ ਖੁਸ਼ ਸੀ ਅਤੇ ਉਹ ਹਰ ਵਾਰ ਉਤਸ਼ਾਹ ਨਾਲ ਜਾਂਦੀ ਅਤੇ ਫਿਰ ਤੋਂ ਹੋਰ ਪੱਤੇ ਲਿਆਉਂਦੀ।

ਉਸ ਚਿੜੀ ਨੂੰ ਦੇਖ ਕੇ ਆਰੀਆ ਅਸੰਗ ਨੇ ਸੋਚਿਆ, 'ਤਿੰਨ ਸਾਲ ਕਾਫ਼ੀ ਨਹੀਂ ਹਨ; ਸ਼ਾਇਦ ਥੋੜ੍ਹਾ ਹੋਰ ਯਤਨ ਕਰਨਾ ਚਾਹੀਦਾ ਹੈ। ਅਤੇ ਜੇਕਰ ਇਹ ਚਿੜੀ ਆਸ਼ਾਵਾਦੀ ਹੈ ਤਾਂ ਮੈਂ ਕਿਉਂ ਨਹੀਂ? ਅਤੇ ਮਨ ਵਿੱਚ ਲੱਖਾਂ ਜਨਮਾਂ ਦੀ ਕੰਡੀਸ਼ਨਿੰਗ (ਸੰਸਕਾਰ) ਹੁੰਦੀ ਹੈ, ਇਸ ਲਈ ਤਿੰਨ ਸਾਲ ਬਹੁਤ ਜ਼ਿਆਦਾ ਨਹੀਂ ਹੋ ਸਕਦੇ!' ਉਹ ਵਾਪਸ ਗੁਫਾ ਵਿੱਚ ਚਲੇ ਗਏ ਅਤੇ ਤਿੰਨ ਸਾਲ ਤੱਕ ਫਿਰ ਧਿਆਨ ਕੀਤਾ। ਉਨ੍ਹਾਂ ਨੇ ਪਹਿਲਾਂ ਨਾਲੋਂ ਵੀ ਵੱਧ ਯਤਨ ਕੀਤਾ... ਉਹ ਹੋਰ ਵੀ ਸ਼ਾਂਤ ਹੋ ਗਏ, ਪ੍ਰਕਾਸ਼ ਨਾਲ ਭਰ ਗਏ, ਪਰ ਨਿੱਘ ਗਾਇਬ ਸੀ।

ਅਜਿਹਾ ਵਾਰ-ਵਾਰ ਹੋਇਆ। ਤਿੰਨ ਸਾਲਾਂ ਬਾਅਦ ਉਹ ਜਾਣ ਦਾ ਫੈਸਲਾ ਕਰਦੇ ਅਤੇ ਫਿਰ ਗੁਫਾ ਦੇ ਬਾਹਰ ਕੁਝ ਅਜਿਹਾ ਹੁੰਦਾ ਕਿ ਉਹ ਵਾਪਸ ਆ ਜਾਂਦੇ।

ਬਾਰਾਂ ਸਾਲਾਂ ਬਾਅਦ ਉਨ੍ਹਾਂ ਨੇ ਫੈਸਲਾ ਕੀਤਾ ਕਿ ਇਹ ਮੂਰਖਤਾ ਹੈ। 'ਮੈਂ ਬਾਹਰ ਜਾਂਦਾ ਹਾਂ ਅਤੇ ਕੋਈ ਪੰਛੀ ਜਾਂ ਗਿਲਹਰੀ ਜਾਂ ਚਿੜੀ ਜਾਂ ਕੁਝ ਹੋਰ ਮੈਨੂੰ ਇੱਕ ਨਵੀਂ ਉਮੀਦ ਦਿੰਦਾ ਹੈ ਅਤੇ ਫਿਰ ਮੈਂ ਵਾਪਸ ਆ ਜਾਂਦਾ ਹਾਂ। ਇਸ ਵਾਰ ਮੈਂ ਬਿਲਕੁਲ ਵੀ ਨਹੀਂ ਦੇਖਾਂਗਾ। ਮੈਂ ਬੱਸ ਵਾਪਸ ਦੁਨੀਆ ਵੱਲ ਭੱਜ ਜਾਵਾਂਗਾ।' ਇਸ ਲਈ ਉਹ ਇੱਧਰ-ਉੱਧਰ ਦੇਖੇ ਬਿਨਾਂ ਭੱਜੇ, ਅਤੇ ਆਪਣੇ ਪਿੰਡ ਦੇ ਬਾਹਰ ਮੈਦਾਨ ਵਿੱਚ ਪਹੁੰਚੇ ਜਿੱਥੇ ਉਨ੍ਹਾਂ ਨੇ ਆਰਾਮ ਕੀਤਾ। ਉੱਥੇ ਉਨ੍ਹਾਂ ਨੇ ਇੱਕ ਕੁੱਤੇ ਨੂੰ ਦੇਖਿਆ ਜੋ ਲਗਭਗ ਮਰਨ ਕਿਨਾਰੇ ਸੀ। ਉਸਦੀ ਪਿੱਠ 'ਤੇ ਕਈ ਜ਼ਖਮ ਸਨ ਅਤੇ ਕੀੜੇ ਪਏ ਹੋਏ ਸਨ, ਅਤੇ ਉਨ੍ਹਾਂ ਨੂੰ ਉਸ ਕੁੱਤੇ 'ਤੇ ਬਹੁਤ ਦਇਆ ਆ ਰਹੀ ਸੀ।ਬਾਰਾਂ ਸਾਲਾਂ ਤੱਕ ਅਜਿਹੀ ਕੋਈ ਸਥਿਤੀ ਨਹੀਂ ਆਈ ਸੀ ਜਿਸ ਵਿੱਚ ਉਨ੍ਹਾਂ ਨੇ ਕਿਸੇ ਲਈ ਕੋਈ ਨਿੱਘ ਮਹਿਸੂਸ ਕੀਤਾ ਹੋਵੇ। ਉੱਥੇ ਕੋਈ ਨਹੀਂ ਸੀ; ਸਿਰਫ ਉਹ ਸਨ, ਅਤੇ ਉਨ੍ਹਾਂ ਦੀ ਗੁਫਾ ਠੰਢੀ ਸੀ... ਹਿਮਾਲਿਆ ਦੀ ਸ਼ੀਤਲਤਾ। ਉਨ੍ਹਾਂ ਨੇ ਕੁੱਤੇ ਦੇ ਜ਼ਖਮਾਂ ਨੂੰ ਧੋਤਾ ਅਤੇ ਉਸਦੀ ਮਦਦ ਕਰਨ ਦੀ ਕੋਸ਼ਿਸ਼ ਕੀਤੀ, ਅਤੇ ਅਚਾਨਕ ਉਹ ਸਭ ਕੁਝ ਉੱਥੇ ਮੌਜੂਦ ਸੀ ਜਿਸਦੀ ਉਨ੍ਹਾਂ ਕੋਲ ਕਮੀ ਸੀ। ਉਨ੍ਹਾਂ ਨੇ ਅੰਦਰ ਦੇਖਿਆ ਅਤੇ ਬੁੱਧ ਉੱਥੇ ਖੜ੍ਹੇ ਸਨ।ਉਨ੍ਹਾਂ ਨੇ ਬੁੱਧ ਨੂੰ ਕਿਹਾ, “ਗੁਰੂਵਰ, ਤੁਸੀਂ ਬਾਰਾਂ ਸਾਲਾਂ ਤੋਂ ਕਿੱਥੇ ਸੀ? ਜਦੋਂ ਮੈਂ ਸੱਚਮੁੱਚ ਸਖ਼ਤ ਮਿਹਨਤ ਕਰ ਰਿਹਾ ਸੀ, ਦਿਨ-ਬ-ਦਿਨ, ਸਾਲ-ਦਰ-ਸਾਲ, ਬਾਰਾਂ ਸਾਲਾਂ ਤੱਕ ਲਗਾਤਾਰ ਧਿਆਨ ਕਰ ਰਿਹਾ ਸੀ, ਤਾਂ ਤੁਸੀਂ ਕਿੱਥੇ ਸੀ?



ਅਤੇ ਤੁਸੀਂ ਹੁਣ ਅਚਾਨਕ ਇੱਥੇ ਕਿਉਂ ਹੋ?”

ਬੁੱਧ ਨੇ ਉਨ੍ਹਾਂ ਨੂੰ ਕਿਹਾ, “ਮੈਂ ਹਮੇਸ਼ਾ ਇੱਥੇ ਹੀ ਰਿਹਾ ਹਾਂ, ਪਰ ਤੁਸੀਂ ਉਦੋਂ ਹੀ ਦੇਖ ਸਕਦੇ ਹੋ ਜਦੋਂ ਤੁਸੀਂ ਪ੍ਰੇਮ ਵਿੱਚ ਪਿਘਲ ਜਾਓਗੇ।”

ਧਿਆਨ ਚੰਗਾ ਹੈ ਪਰ ਕਾਫ਼ੀ ਨਹੀਂ - ਕਰੁਣਾ, ਪ੍ਰੇਮ ਜ਼ਰੂਰੀ ਹੈ। ਬੁੱਧ ਨੇ ਉਨ੍ਹਾਂ ਨੂੰ ਕਿਹਾ, “ਮੈਂ ਵੀ ਹਮੇਸ਼ਾ ਤੁਹਾਡੇ ਨਾਲ ਇੱਥੇ ਇੰਤਜ਼ਾਰ ਕਰਦਾ ਰਿਹਾ ਹਾਂ, ਪਰ ਤੁਸੀਂ ਦੇਖਦੇ ਹੀ ਨਹੀਂ ਸੀ”

ਕਿਉਂਕਿ ਡੂੰਘੀ ਤ੍ਰਿਪਤੀ ਦਾ ਇਹ ਦਰਸ਼ਨ ਉਦੋਂ ਹੀ ਸੰਭਵ ਹੈ ਜਦੋਂ ਕਰੁਣਾ ਅਤੇ ਪ੍ਰੇਮ ਦਾ ਪ੍ਰਵਾਹ ਹੋਵੇ।

— ਓਸ਼ੋ 🍀 (ਅਨੁਵਾਦ #ਮੀਤ_ਅਨਮੋਲ)

# ਦਵਿੰਦਰ ਸ਼ਰਮਾ ਮੇਰੇ ਉਨ੍ਹਾਂ ਅਜ਼ੀਜ਼ ਮਿਤਰਾਂ 'ਚੋਂ ਹੈ ਜਿੰਨਾਂ ਦੀ ਦੋਸਤੀ ਨਿੱਘ ਮੈਂ ਲੰਮੇ ਅਰਸੇ ਤੋਂ ਮਾਨਦਾ ਆ ਰਿਹਾ ਹਾਂ



ਦਵਿੰਦਰ ਸ਼ਰਮਾ ਮੇਰੇ ਉਨ੍ਹਾਂ ਅਜ਼ੀਜ਼ ਮਿਤਰਾਂ 'ਚੋਂ ਹੈ ਜਿੰਨਾਂ ਦੀ ਦੋਸਤੀ ਨਿੱਘ ਮੈਂ ਲੰਮੇ ਅਰਸੇ ਤੋਂ ਮਾਨਦਾ ਆ ਰਿਹਾ ਹਾਂ। ਉਸਦੀ ਸ਼ਖਸੀਅਤ ਅੱਜ ਵੀ ਬਹੁਤ ਪ੍ਰਭਾਵਸ਼ਾਲੀ ਹੈ ਪਰ ਅੱਜ ਤੋਂ ਕਰੀਬ ਤੀਹ ਕੁ ਵਰ੍ਹੇ ਪਹਿਲਾਂ ਉਹ ਬੜਾ ਸੋਹਣਾ ਤੇ ਸ਼ੈਲ ਛਬੀਲਾ ਨੌਜਵਾਨ ਹੁੰਦਾ ਸੀ । ਅੱਜ ਕੱਲ੍ਹ ਉਹ ਅੰਮ੍ਰਿਤਸਰ ਵਿਖੇ ਇੱਕ ਗੈਸ ਏਜੰਸੀ ਦਾ ਮਾਲਕ ਹੈ ਅਤੇ ਕਾਂਗਰਸ ਪਾਰਟੀ ਅੰਮ੍ਰਿਤਸਰ ਸ਼ਹਿਰੀ ਵਿੱਚ ਪ੍ਰਭਾਵਸ਼ਾਲੀ ਅਹੁਦੇ 'ਤੇ ਬਿਰਾਜਮਾਨ ਹੈ।

ਅੱਜ ਉਸਦਾ ਜ਼ਿਕਰ ਕਰਨ ਦਾ ਕਾਰਨ ਇਹ ਹੈ ਕਿ ਉਦੋਂ ਉਹ ਵੀ ਪੱਟੀ ਰਹਿੰਦਾ ਹੁੰਦਾ ਸੀ ਅਤੇ ਵਲਟੋਹੇ ਦੇ ਇੱਕ ਪੈਟਰੋਲ ਪੰਪ 'ਤੇ ਬਤੌਰ ਮੈਨੇਜਰ ਕੰਮ ਕਰਦਾ ਹੁੰਦਾ ਸੀ। ਮੈਂ ਉਦੋਂ ਅਮਰਕੋਟ ਵਿਖੇ ਸਾਬਕਾ ਕੈਬਨਿਟ ਮੰਤਰੀ ਸ੍ਰ ਗੁਰਚੇਤ ਸਿੰਘ ਭੁੱਲਰ ਹੁਰਾਂ ਦਾ ਬਿਜ਼ਨਸ ਮੈਨੇਜਰ ਹੰਦਾ ਸਾਂ ।

ਦਵਿੰਦਰ ਬਹੁਤ ਸੋਹਣਾ ਤੇ ਪੜ੍ਹਿਆ ਲਿਖਿਆ ਨੌਜਵਾਨ ਸੀ ਅਤੇ ਹਮੇਸ਼ਾਂ ਬਣ ਫੱਬ ਕੇ ਰਹਿੰਦਾ ਹੁੰਦਾ ਸੀ। ਉਦੋਂ ਅਜੇ ਹੀਰੋ ਹਾਂਡਾ ਮੋਟਰਸਾਈਕਲ ਨਵੇਂ ਨਵੇਂ ਹੀ ਆਏ ਸਨ ਅਤੇ ਬਹੁਤੇ ਲੋਕਾਂ ਕੋਲ ਪ੍ਰਿਆ ਜਾਂ ਬਜਾਜ ਸਕੂਟਰ ਹੀ ਹੁੰਦੇ ਸਨ ਤੇ ਉਹ ਵੀ ਵਿਰਲੇ ਟਾਂਵਿਆਂ ਕੋਲ ਹੀ।

ਜੱਟਾਂ ਜ਼ਿਮੀਦਾਰਾਂ ਦੇ ਘਰਾਂ ਵਿੱਚ ਉਦੋਂ ਮੁਖਤਿਆਰੀ ਦਾਨਸ਼ਵਰ ਬਜ਼ੁਰਗਾਂ ਜਾਂ ਸੁਲਝੇ ਹੋਏ ਵੱਡੇ ਭਰਾਵਾਂ ਦੇ ਹੱਥਾਂ ਵਿੱਚ ਹੁੰਦੀ ਸੀ ਜਿਸ ਕਰਕੇ ਉਹ ਅਮੀਰ ਲੋਕਾਂ ਦਾ ਕਾਰੋਬਾਰ ਸਾਂਭਣ ਵਾਲੇ ਉਨ੍ਹਾਂ ਦੇ ਮੈਨੇਜਰਾਂ, ਮੁਨੀਮਾਂ ਤੇ ਮੁਨਸ਼ੀਆਂ ਦਾ ਬਹੁਤ ਸਤਿਕਾਰ ਕਰਿਆ ਕਰਦੇ ਸਨ ਕਿਉਂਕਿ ਉਨ੍ਹਾਂ ਲੋਕਾਂ ਦੀ ਲੋੜ ਗ਼ਰਜ਼ ਇਹ ਮੁਨਸ਼ੀ ਮਸੱਦੀ ਹੀ ਪੂਰੀ ਕਰ ਦਿਆ ਕਰਦੇ ਸਨ। ਆਪਸੀ ਭਾਈਚਾਰੇ ਦਾ ਬੜਾ ਸੁਖਾਵਾਂ ਮਾਹੌਲ ਸੀ।

ਫੇਰ ਇੱਕ ਦਮ ਪੰਜਾਬ ਦਹਿਸ਼ਤਗਰਦਾਂ ਦੇ ਕਬਜ਼ੇ ਹੇਠ ਆ ਗਿਆ। ਅਪ੍ਰੇਸ਼ਨ ਨੀਲਾ ਤਾਰਾ ਤੋਂ ਪਿਛੋਂ ਕੁਝ ਦੇਰ ਬਾਅਦ ਤੱਕ ਫ਼ੌਜ ਤੇ ਕੇਂਦਰੀ ਸੁਰੱਖਿਆ ਬਲਾਂ ਦੀ ਮੌਜੂਦਗੀ ਕਾਰਨ ਪੰਜਾਬ ਦੇ ਮਹੌਲ ਵਿੱਚ ਤੁਫ਼ਾਨ ਤੋਂ ਪਹਿਲਾਂ ਵਾਲੀ ਸ਼ਾਂਤੀ ਬਣੀ ਰਹੀ ਪਰ ਜਦੋਂ ਫੌਜ ਤੇ ਸੁਰੱਖਿਆ ਬਲਾਂ ਨੂੰ ਹਟਾ ਲਿਆ ਗਿਆ ਤਾਂ ਪੰਜਾਬ ਦਾ ਮਾਹੌਲ ਇੱਕ ਦਮ ਕੰਟਰੋਲ ਤੋਂ ਬਾਹਰ ਹੋ ਗਿਆ।

ਲੁੱਟਾਂ ਖੋਹਾਂ ਤੇ ਕਤਲੋਗਾਰਤ ਦੀਆਂ ਘਟਨਾਵਾਂ ਨਿੱਤ ਦਿਹਾੜੇ ਵਾਪਰਨ ਲੱਗ ਪਈਆਂ। ਪਹਿਲਾਂ ਪਹਿਲਾਂ ਹਿੰਦੂ ਭਾਈਚਾਰੇ ਨਾਲ ਸਬੰਧਤ ਲੋਕਾਂ ਨੂੰ ਅਗਵਾ ਕਰਕੇ ਉਨ੍ਹਾਂ ਦੇ ਪਰਿਵਾਰਾਂ ਤੋਂ ਫ਼ਿਰੌਤੀਆਂ ਵਸੂਲੀਆਂ ਜਾਣ ਲੱਗੀਆਂ ਅਤੇ ਬਾਅਦ ਵਿੱਚ ਇਹ ਵਰਤਾਰਾ ਪਿੰਡਾਂ ਵਿੱਚ ਵੱਸਦੇ ਸਰਦੇ ਪੁੱਜਦੇ ਪਰਿਵਾਰਾਂ ਨਾਲ ਵੀ ਵਾਪਰਣ ਲੱਗ ਪਿਆ। ਜਿਸ ਕਰਕੇ ਪਿੰਡਾਂ ਦੇ ਖਾਂਦੇ ਪੀਂਦੇ ਲੋਕ ਹਿਜਰਤ ਕਰਕੇ ਨੇੜਲੇ ਕਸਬਿਆਂ ਜਾਂ ਸ਼ਹਿਰਾਂ ਵਿੱਚ ਚਲੇ ਗਏ।

ਅਮਰਕੋਟ ਤੇ ਵਲਟੋਹੇ ਦਾ ਫਾਸਲਾ ਮਹਿਜ਼ ਤਿੰਨ ਕੁ ਕਿਲੋਮੀਟਰ ਦਾ ਹੈ। ਮੈਂ ਤੇ ਦਵਿੰਦਰ ਅਕਸਰ ਹੀ ਸ਼ਾਮ ਨੂੰ ਉਹਦੇ ਮੋਟਰਸਾਈਕਲ 'ਤੇ ਇੱਕਠੇ ਵਾਪਸ ਆਉਂਦੇ ਹੁੰਦੇ ਸਾਂ।

ਉਨ੍ਹਾਂ ਦਿਨਾਂ ਵਿੱਚ ਡੀਜ਼ਲ ਦੀ ਬੜੀ ਕਿਲਤ ਚੱਲ ਰਹੀ ਸੀ ਤੇ ਲੋਕ ਅੱਧੀ ਰਾਤ ਨੂੰ ਹੀ ਆਪਣੇ ਡਰੱਮ ਜਾਂ ਕੈਨ ਲੈ ਕੇ ਪੈਟਰੋਲ ਪੰਪਾਂ ਦੇ ਸਾਹਮਣੇ ਲੰਮੀਆਂ ਲੰਮੀਆਂ ਲਾਈਨਾਂ ਲਾ ਕੇ ਬੈਠ ਜਾਇਆ ਕਰਦੇ ਸਨ। ਸਵੇਰੇ ਜਦੋਂ ਕੋਈ ਡੀ ਐਫ਼ ਸੀ ਦਾ ਅਧਿਕਾਰੀ ਆਉਂਦਾ ਹੁੰਦਾ ਸੀ ਤਾਂ ਉਸਦੀ ਨਿਗਰਾਨੀ ਹੇਠ ਕਿਸਾਨਾਂ ਨੂੰ ਤੇਲ ਦਿੱਤਾ ਜਾਂਦਾ ਸੀ।

ਇੱਕ ਦਿਨ ਮੈਂ ਤੇ ਦਵਿੰਦਰ ਉਸਦੇ ਮੋਟਰਸਾਈਕਲ 'ਤੇ ਵਲਟੋਹੇ ਤੋਂ ਪੱਟੀ ਨੂੰ ਆ ਰਹੇ ਸਾ ਕਿ ਜਦੋਂ ਅਸੀਂ ਦਾਸੂਵਾਲ ਵਾਲੇ ਗੁਰਦੁਆਰੇ ਤੋਂ ਥੋੜ੍ਹਾ ਜਿਹਾ ਅੱਗੇ ਲੰਘੇ ਤਾਂ ਇੱਕ ਨੌਜਵਾਨ ਜਿਸ ਨੇ ਸਿਰ 'ਤੇ ਸਾਫ਼ਾ ਲਵੇਟਿਆ ਹੋਇਆ, ਗਲੋਂ ਨੰਗਾ ਸੀ ਪਰ ਤੇੜ ਵੀ ਸਾਫ਼ਾ ਬੰਨਿਆ ਹੋਇਆ ਸੀ ਤੇ ਮੋਢੇ 'ਤੇ ਕਹੀ ਰੱਖੀ ਹੋਈ ਸੀ ਨੇ ਸਾਨੂੰ ਸੜਕ ਦੇ ਵਿਚਕਾਰ ਆ ਕੇ ਹੱਥ ਦੇ ਕੇ ਰੋਕ ਲਿਆ ਤੇ ਆਖਣ ਲੱਗਾ ਕਿ ਤੁਹਾਡੇ ਚੋਂ ਪਟਰੋਲ ਪੰਪ ਵਾਲਾ ਬਾਊ ਕਿਹੜਾ ਹੈ?'

ਮੈਂ ਦਵਿੰਦਰ ਵੱਲ ਇਸ਼ਾਰਾ ਕਰਕੇ ਕਿਹਾ ਕਿ ਇਹ ਹੈ ਪਰ ਇਹ ਤਾਂ ਉੱਥੇ ਨੌਕਰੀ ਕਰਦਾ ਹੈ ਮਾਲਕ ਨਹੀਂ ਹੈ । ਉਹ ਬੰਦਾ ਦਵਿੰਦਰ ਨੂੰ ਆਖਣ ਲੱਗਾ ਕਿ ' ਸਾਨੂੰ ਦੋ ਤਿੰਨ ਡਰੱਮ ਤੇਲ ਚਾਹੀਦਾ ਸੀ। ' ਦਵਿੰਦਰ ਨੇ ਕਿਹਾ ਕੋਈ ਗੱਲ ਨਹੀਂ ਇੱਕ ਇੱਕ ਡਰੱਮ ਕਰਕੇ ਦੇ ਦਿਆਂਗੇ। '

ਇੰਨੇਂ ਚਿਰ ਨੂੰ ਨਾਲ ਦੇ ਖੇਤਾਂ ਵਿਚੋਂ ਇੱਕ ਹੋਰ ਉਹੋ ਜਿਹਾ ਹੀ ਬੰਦਾ ਨਿਕਲ ਕੇ ਸਾਡੇ ਕੋਲ ਆ ਗਿਆ । ਉਸਨੇ ਹੱਥ ਵਿੱਚ ਪਿਸਤੌਲ ਇਸ ਤਰ੍ਹਾਂ ਫੜਿਆ ਹੋਇਆ ਸੀ ਜਿਵੇਂ ਹਥੇਲੀ ' ਤੇ ਖਰਬੂਜਾ ਰੱਖਿਆ ਹੋਵੇ। ਉਹ ਦਵਿੰਦਰ ਨੂੰ ਆਖਣ ਲੱਗਾ ' ਮੋਟਰਸਾਈਕਲ ਤੋਂ ਉੱਤਰ ਕੇ ਸਾਡੇ ਅੱਗੇ ਲੱਗ ਕੇ ਤੁਰ ਪਓ ਨਹੀਂ ਤਾਂ ਗੋਲੀ ਮਾਰ ਦਿਆਂਗੇ।

ਮੈਂ ਉਨ੍ਹਾਂ ਨੂੰ ਆਖਿਆ ਤੁਸੀਂ ਮੋਟਰਸਾਈਕਲ ਲਿਜਾਣਾ ਹੈ ਤਾਂ ਲੈ ਜਾਓ ਪਰ ਇਸਨੂੰ ਨਾ ਲੈ ਕੇ ਜਾਓ। ਦਵਿੰਦਰ ਮੋਟਰਸਾਈਕਲ ਤੋਂ ਉੱਤਰ ਕੇ ਉਨ੍ਹਾਂ ਦੇ ਅੱਗੇ ਲੱਗ ਕੇ ਤੁਰ ਪਿਆ । ਮੇਰੇ ਕੋਲ ਖਲੋਤੇ ਪਿਸਤੌਲ ਵਾਲੇ ਬੰਦੇ ਦੀ ਹਥੇਲੀ 'ਤੇ ਰੱਖਿਆ ਪਿਸਤੌਲ ਅਜੇ ਵੀ ਕੰਬ ਰਿਹਾ ਸੀ। ਮੈਂ ਦਵਿੰਦਰ ਨੂੰ ਦੋ ਤਿੰਨ ਅਵਾਜ਼ਾਂ ਮਾਰੀਆਂ ਪਰ ਉਸਨੇ ਪਿਛਾਂਹ ਮੁੜ ਕੇ ਨਾ ਵੇਖਿਆ ਜੇਕਰ ਉਹ ਮੁੜ ਕੇ ਵੇਖ ਲੈਂਦਾ ਤਾਂ ਮੈਂ ਉਸ ਬੰਦੇ ਕੋਲੋਂ ਪਿਸਤੌਲ ਖੋਹ ਲੈਣਾ ਸੀ। ਮੈਨੂੰ ਪਤਾ ਲੱਗ ਚੁੱਕਾ ਸੀ ਕਿ ਕਹੀ ਵਾਲੇ ਬੰਦੇ ਕੋਲ ਕੋਈ ਹਥਿਆਰ ਨਹੀਂ ਹੈ । ਜੇਕਰ ਪਿਸਤੌਲ ਖੋਹ ਲਿਆ ਗਿਆ ਤਾਂ ਅਸੀਂ ਉਨ੍ਹਾਂ 'ਤੇ ਭਾਰੂ ਹੋ ਜਾਵਾਂਗੇ।

ਜਦੋਂ ਦਵਿੰਦਰ ਥੋੜ੍ਹੀ ਦੂਰ ਚਲਾ ਗਿਆ ਤਾਂ ਮੈਂ ਉਸ ਕਹੀ ਵਾਲੇ ਬੰਦੇ ਨੂੰ ਆਖਿਆ ਉਹਨੂੰ ਛੱਡ ਦਿਓ ਉਹ ਮੇਰਾ ਭਰਾ ਹੈ ਤੁਹਾਨੂੰ ਜੋ ਕੁਝ ਚਾਹੀਦਾ ਹੋਇਆ ਅਸੀਂ ਆਪਣੇ ਘਰ ਵੇਚ ਕੇ ਦੇ ਦਿਆਂਗੇ। ਪਰ ਉਹ ਆਖਣ ਲੱਗਾ ' ਤੂੰ ਸਾਡਾ ਭਰਾ ਹੈਂ ਜਾਹ ਕੇ ਇਸਦੇ ਘਰ ਸੁਨੇਹਾ ਦੇ ਦੇਵੀਂ। ਅਸੀਂ ਇਸ ਨੂੰ ਮਾਰਨਾ ਨਹੀਂ ਬੱਸ ਪੈਸੇ ਲੈਣੇ ਹਨ।' ਮੈਂ ਜਦੋਂ ਥੋੜ੍ਹੀ ਜਿਹੀ ਜ਼ਿੱਦ ਕੀਤੀ ਤਾਂ ਉਹ ਆਖਣ ਲੱਗਾ 'ਮੈਂ ਕਹੀ ਮਾਰ ਕੇ ਤੇਰਾ ਲਾਹ ਦੇਣਾ ਈ। ਜਾਹ ਚਲਿਆ ਜਾਹ।' ਬੇਬਸੀ ਦੀ ਹਾਲਤ ਵਿੱਚ ਮੈਂ ਮੋਟਰਸਾਈਕਲ ਲੈ ਕੇ ਪੱਟੀ ਨੂੰ ਆ ਗਿਆ।

ਉਹ ਅੱਠ ਦਸ ਦਿਨ ਦਵਿੰਦਰ ਨੂੰ ਆਪਣੇ ਨਾਲ ਨਾਲ ਲਈ ਫਿਰਦੇ ਰਹੇ। ਹਜ਼ਾਰ ਰੁਪਿਆ ਤਨਖਾਹ ਲੈਣ ਵਾਲੇ ਬੰਦੇ ਕੋਲ ਪੰਜਾਹ ਹਜ਼ਾਰ ਰੁਪਏ ਭਲਾ ਕਿੱਥੋਂ ਆਉਣੇ ਸਨ।

ਅਖੀਰ ਪਟਰੋਲ ਮਾਲਕਾਂ ਦਾ ਮਿੰਨਤ ਤਰਲਾ ਕਰਕੇ ਉਨ੍ਹਾਂ ਨੂੰ ਪੰਜਾਹ ਹਜ਼ਾਰ ਰੁਪਏ ਦਿੱਤੇ ਗਏ ਤਾਂ ਉਨ੍ਹਾਂ ਨੇ ਦਵਿੰਦਰ ਨੂੰ ਛੱਡਿਆ। ਦਵਿੰਦਰ ਜਿੰਨਾਂ ਸਮਾਂ ਵੀ ਉਨ੍ਹਾਂ ਦੇ ਚੁੰਗਲ ਵਿੱਚ ਰਿਹਾ ਜ਼ਿੰਦਗੀ ਤੇ ਮੌਤ ਵਿਚਕਾਰ ਜੂਝਦਾ ਰਿਹਾ। ਪੰਜਾਬ ਪੁਲਿਸ ਨਾਲ ਜਾਂ ਸੀ ਆਰ ਪੀ ਨਾਲ ਮੁਕਾਬਲਾ ਹੋ ਜਾਣ ਦਾ ਡਰ ਚੌਵੀ ਘੰਟੇ ਬਣਿਆ ਰਹਿੰਦਾ ਸੀ। ਉਨ੍ਹਾਂ ਵੀ ਤੇ ਦਵਿੰਦਰ ਨੂੰ ਵੀ। ਉਨ੍ਹਾਂ ਲੋਕਾਂ ਦਾ ਹਸ਼ਰ ਤਾਂ ਇੱਕ ਦਿਨ ਇਹੋ ਹੋਣਾ ਸੀ ਪਰ ਜੇਕਰ ਉਨ੍ਹਾਂ ਦਿਨਾਂ ਵਿੱਚ ਪੁਲਿਸ ਮੁਕਾਬਲਾ ਹੋ ਜਾਂਦਾ ਤਾਂ ਦਵਿੰਦਰ ਨੇ ਵੀ ਅਣਾਈ ਮੌਤੇ ਮਰ ਜਾਣਾ ਸੀ।

ਆਖਰੀ ਗੱਲ ਉਨ੍ਹਾਂ ਲੋਕਾਂ ਲਈ ਜਿਹੜੇ ਆਖਦੇ ਹਨ ਕਿ ਇਹੋ ਜਿਹੀਆਂ ਵਾਰਦਾਤਾਂ ਸਰਕਾਰੀ ਬੰਦੇ ਕਰਦੇ ਹੁੰਦੇ ਸਨ। ਉਹ ਸੁਣੋਂ ਪਿਸਤੌਲ ਵਾਲਾ ਬੰਦਾ ਪਿੰਡ ਘਰਿਆਲੇ ਦਾ ਸੁਰਜੀਤ ਸਿੰਘ ਬਘਿਆੜ ਸੀ ਅਤੇ ਉਸਦੇ ਬਾਕੀ ਸਾਥੀ ਦਹਿਸ਼ਤਗਰਦ ਵਲਟੋਹੇ ਦੇ ਨੇੜਲੇ ਪਿੰਡ ਆਸਲਾਂ ਦੇ ਸਨ। ਪਤਾ ਕਰ ਲਿਆ ਜੇ ਹੋ ਸਕਦਾ ਹੈ ਕਿ ਉਨ੍ਹਾਂ ਵਿੱਚੋਂ ਅਜੇ ਵੀ ਕੋਈ ਜਿਉਂਦਾ ਹੋਵੇ ਨਹੀਂ ਤਾਂ ਉਨ੍ਹਾਂ ਦੇ ਰਿਸ਼ਤੇਦਾਰ ਤਾਂ ਜ਼ਰੂਰ ਜਿਉਂਦੇ ਹੋਣਗੇ।

ਦਵਿੰਦਰ ਜਦੋਂ ਉਨ੍ਹਾਂ ਦਹਿਸ਼ਤਗਰਦਾਂ ਦੇ ਚੁੰਗਲ ਵਿੱਚੋਂ ਛੁੱਟ ਕੇ ਬਾਹਰ ਆਇਆ ਤਾਂ ਉਸਨੇ ਮੈਨੂੰ ਦੱਸਿਆ ਕਿ ਮੈਨੂੰ ਪਤਾ ਸੀ ਤੂੰ ਮੈਨੂੰ ਕਿਉਂ ਅਵਾਜ਼ਾਂ ਮਾਰ ਰਿਹਾ ਸੈਂ ਪਰ ਬੂਝਿਆਂ ਦੇ ਦੂਸਰੇ ਪਾਸੇ ਪੰਜ ਛੇ ਬੰਦੇ ਅਸਾਲਾਟਾਂ ਵਾਲੇ ਬੈਠੇ ਹੋਏ ਸਨ ਅਤੇ ਆਪਾਂ ਉਨ੍ਹਾਂ ਦੀ ਰੇਂਜ ਵਿੱਚ ਸਾਂ। ਜੇਕਰ ਆਪਾਂ ਕੋਈ ਹਰਕਤ ਕਰਦੇ ਤਾਂ ਉਨ੍ਹਾਂ ਨੇ ਆਪਾਂ ਦੋਵਾਂ ਨੂੰ ਮਾਰ ਦੇਣਾ ਸੀ।

Cee7News ਵਿੱਚ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ
9463661542, cee7news@gmail.com

# ਹਲਕਾ ਖਡੂਰ ਸਾਹਿਬ *ਚ ਬੀਬੀ ਰਮਨਦੀਪ ਕੌਰ ਖਹਿਰਾ ਦੀ ਲੋਕਪ੍ਰਿਅਤਾ ਦਿਨੋਂ ਦਿਨ ਵੱਧ ਰਹੀ ਹੈ : ਰਾਜਪੂਤ



ਚੋਹਲਾ ਸਾਹਿਬ 3 ਮਈ (ਸਨਦੀਪ ਸਿੱਧੂ,ਪਰਮਿੰਦਰ ਚੋਹਲਾ)

ਪਾਰਟੀ ਪ੍ਰਤੀ ਨਿਭਾਈਆਂ ਜਿੰਮੇਵਾਰੀਆਂ ਤੋਂ ਖੁਸ਼ ਹੋਕੇ ਸ਼੍ਰੋਮਣੀ ਅਕਾਲੀ ਦਲ ਬਾਦਲ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਸਰਪੰਚ ਅਵਤਾਰ ਸਿੰਘ ਬਿੱਲਾ ਸ਼ੇਰੋਂ ਦੀ ਧਰਮਪਤਨੀ ਬੀਬੀ ਰਮਨਦੀਪ ਕੌਰ ਨੂੰ ਹਲਕਾ ਖਡੂਰ ਸਾਹਿਬ ਤੋਂ ਸ੍ਰੋਮਣੀ ਅਕਾਲੀ ਦਲ ਬਾਦਲ ਪਾਰਟੀ ਦੇ ਇੰਚਾਰਜ ਨਿਯੁਕਤ ਕੀਤਾ ਗਿਆ ਹੈ ਜਿਸਤੇ ਪੂਰੇ ਇਲਾਕੇ ਵਿੱਚ ਖੁਸ਼ੀ ਦੀ ਲਹਿਰ ਫੈਲ ਗਈ ।ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਸੀਨੀਅਰ ਆਗੂ ਜਰਨੈਲ ਸਿੰਘ ਰਾਜਪੂਤ ਜੀਓਬਾਲਾ ਨੇ ਪੱਤਰਕਾਰਾਂ ਨਾਲ ਗਲਬਾਤ ਦੌਰਾਨ ਕੀਤਾ।ਉਹਨਾਂ ਕਿਹਾ ਕਿ ਬੀਬੀ ਰਮਨਦੀਪ ਕੌਰ ਖਹਿਰਾ ਰੋਜ਼ਾਨਾ ਹਲਕਾ ਖਡੂਰ ਸਾਹਿਬ ਦੇ ਲੋਕਾਂ ਵਿੱਚ ਪਹੁੰਚਕੇ ਉਹਨਾਂ ਦੀਆਂ ਮੁਸ਼ਕਲਾਂ ਸੁਣ ਰਹੇ ਹਨ ਅਤੇ ਲੋਕਾਂ ਦਾ ਸਾਥ ਦੇ ਰਹੇ ਹਨ ਜਿਸਤੇ ਇਲਾਕੇ ਦੇ ਲੋਕ ਬੀਬੀ ਰਮਨਦੀਪ ਕੌਰ ਖਹਿਰਾ ਦੀ ਮਿਹਨਤ ਤੋਂ ਖੁਸ਼ ਹਨ।ਉਹਨਾਂ ਦੱਸਿਆ ਕਿ ਬੀਬੀ ਰਮਨਦੀਪ ਕੌਰ ਵੱਲੋਂ ਪਾਰਟੀ ਪ੍ਰਤੀ ਨਿਭਾਈ ਜਾ ਰਹੀ ਜਿੰਮੇਵਾਰੀ ਕਾਰਨ ਹਲਕਾ ਖਡੂਰ ਸਾਹਿਬ ਵਿੱਚ ਉਹਨਾਂ ਦੀ ਲੋਕਪ੍ਰਿਅਤਾ ਦਿਨੋਂ ਦਿਨ ਵੱਧ ਰਹੀ ਹੈ।ਉਹਨਾਂ ਦੱਸਿਆ ਕਿ ਬੀਬੀ ਰਮਨਦੀਪ ਕੌਰ ਖਹਿਰਾ ਹਮੇਸ਼ਾਂ ਲੋਕਾਂ ਦੀ ਸੇਵਾ ਵਿੱਚ ਹਾਜਰ ਹਨ ਅਤੇ ਲੋਕਾਂ ਦੀ ਮਦਦ ਲਈ ਰਾਤ ਦਿਨ ਇੱਕ ਕਰ ਰਹੇ ਹਨ।ਉਹਨਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਸ੍ਰੋਮਣੀ ਅਕਾਲੀ ਦਲ ਬਾਦਲ ਪਾਰਟੀ ਦਾ ਵੱਧ ਤੋਂ ਵੱਧ ਸਾਥ ਦੇਣ ਤਾਂ ਜੋ ਪੰਜਾਬ ਵਿੱਚ ਨਵੀਂ ਕਰਾਂਤੀ ਲਿਆਂਦੀ ਜਾ ਸਕੇ।

# ਖਾਲਸਾ ਸਾਜਨਾ ਦਿਵਸ ਵੈਸਾਖੀ ਨੂੰ ਸਮਰਪਿਤ ਬੰਗਲਾਦੇਸ਼ ਦੇ ਗੁਰਦੁਆਰਿਆਂ ਦੇ ਦਰਸ਼ਨ ਉਪਰੰਤ 40 ਸ਼ਰਧਾਲੂਆਂ ਦਾ ਜਥਾ ਵਾਪਸ ਪਰਤਿਆ



## ਬੰਗਲਾਦੇਸ਼ ਦੇ ਗੁਰਦੁਆਰਿਆਂ ਦੇ ਦਰਸ਼ਨਾਂ ਲਈ ਸਾਲ ਵਿੱਚ ਦੋ ਵਾਰ ਸਿੱਖ ਯਾਤਰੀਆਂ ਦਾ ਜਥਾ ਭੇਜਿਆ ਜਾਂਦਾ ਹੈ।

ਚੋਹਲਾ ਸਾਹਿਬ 3 ਮਈ (ਸਨਦੀਪ ਸਿੱਧੂ,ਪਰਮਿੰਦਰ ਚੋਹਲਾ)ਸੰਪਰਦਾਇ ਕਾਰ ਸੇਵਾ ਸੰਤ ਬਾਬਾ ਤਾਰਾ ਸਿੰਘ ਜੀ ਸਰਹਾਲੀ ਸਾਹਿਬ ਦੇ ਮੁਖੀ ਸੰਤ ਬਾਬਾ ਸੁੱਖਾ ਸਿੰਘ ਜੀ ਅਤੇ ਸੰਤ ਬਾਬਾ ਹਾਕਮ ਸਿੰਘ ਜੀ ਵਲੋਂ ਬੰਗਲਾਦੇਸ਼ ਦੇ ਗੁਰਦੁਆਰਿਆਂ ਦੀ ਕਾਰ ਸੇਵਾ ਸਾਲ 2004 ਤੋਂ ਚਲ ਰਹੀ ਹੈ। ਸੰਪਰਦਾਇ ਕਾਰ ਸੇਵਾ ਸਰਹਾਲੀ ਸਾਹਿਬ ਵੱਲੋਂ ਬੰਗਲਾਦੇਸ਼ ਦੇ ਗ੍ਰਹਿ ਮੰਤਰਾਲੇ ਦੇ ਸਹਿਯੋਗ ਨਾਲ ਸਾਲ ਵਿਚ ਦੋ ਵਾਰ ਸਿੱਖ ਸੰਗਤਾਂ ਨੂੰ ਬੰਗਲਾਦੇਸ਼ ਦੇ ਗੁਰਦੁਆਰਿਆਂ ਦੇ ਦਰਸ਼ਨ ਕਰਵਾਉਣ ਦਾ ਉਪਰਾਲਾ ਕੀਤਾ ਜਾਂਦਾ ਹੈ। ਇਸ ਸਾਲ ਇਹ ਯਾਤਰਾ 20 ਅਪ੍ਰੈਲ ਤੋਂ 2 ਮਈ ਤਕ ਕਰਵਾਈ ਗਈ , ਜਿਸ ਵਿਚ 40 ਸਿੱਖ ਸ਼ਰਧਾਲੂਆਂ ਦਾ ਜੱਥਾ ਖਾਲਸਾ ਸਾਜਨਾ ਦਿਹਾੜਾ ਵੈਸਾਖੀ ਦੇ ਸੰਬੰਧ ਵਿਚ ਬੰਗਲਾਦੇਸ਼ ਗੁਰਦੁਆਰਾ ਨਾਨਕਸ਼ਾਹੀ ਢਾਕਾ ਵਿਖੇ 24 ਅਪ੍ਰੈਲ ਨੂੰ ਖਾਲਸਾ ਸਾਜਨਾ ਦਿਵਸ ਨੂੰ ਸਮਰਪਿਤ ਗੁਰਮਤ ਸਮਾਗ ਹੋਇਆ ਜਿਸ ਵਿੱਚ ਸਹਿਜ ਪਾਠ ਦੇ ਭੋਗ ਤੋਂ ਉਪਰੰਤ ਸਾਰਾ ਦਿਨ ਦੀਵਾਨ ਸੱਜਿਆ ਅਤੇ ਗੁਰੂ ਕੇ ਲੰਗਰ ਅਤੁੱਟ ਵਰਤੇ। ਇਸ ਉਪਰੰਤ ਸੰਗਤਾਂ ਨੇ ਅਗਲੇ ਦਿਨਾਂ ਵਿੱਚ ਗੁਰਦੁਆਰਾ ਸੰਗਤ ਟੋਲਾ ਪਾ:੯ (ਢਾਕਾ), , ਗੁਰਦੁਆਰਾ ਸਿੱਖ ਟੈਂਪਲ ਅਸਟੇਟ (ਚਾਟੋਗ੍ਰਾਮ), ਗੁਰਦੁਆਰਾ ਸਾਹਿਬ (ਪਹਾੜਤਲੀ), ਗੁਰਦੁਆਰਾ ਗੁਰੂ ਨਾਨਕ ਮੰਦਰ (ਮਾਇਮਨ ਸਿੰਘ ) ਆਦਿ ਗੁਰਦੁਆਰਿਆਂ ਦੀ ਯਾਤਰਾ ਕੀਤੀ। ਇਸ ਜਥੇ ਦੀ ਅਗਵਾਈ ਸੰਪਰਦਾਇ ਕਾਰ ਸੇਵਾ ਸਕੱਤਰ ਹਰਭਜਨ ਸਿੰਘ ਸੰਧੂ ਵਲੋਂ ਕੀਤੀ ਗਈ। ਅੱਜ ਵਾਪਸ ਅੰਮ੍ਰਿਤਸਰ ਪਹੁੰਚਣ ਤੇ ਸਿੱਖ ਯਾਤਰੀ ਜਥੇ ਨੇ ਸੰਤ ਬਾਬਾ ਸੁੱਖਾ ਸਿੰਘ ਜੀ ਅਤੇ ਗੁਰਦੁਆਰਾ ਮੈਨੇਜਮੈਂਟ ਬੋਰਡ ਕੋਲਕੱਤਾ ਦਾ ਧੰਨਵਾਦ ਕੀਤਾ, ਜਥੇ ਵਿਚ ਸ. ਸੁਰਿੰਦਰ ਸਿੰਘ ਸੋਹਲ, ਅਵਤਾਰ ਸਿੰਘ ਮੁੱਛਲ , ਸੰਤੋਖ ਸਿੰਘ ਸੰਧੂ , ਗੁਰਿੰਦਰਜੀਤ ਸਿੰਘ, ਹਰਚਰਨ ਸਿੰਘ, ਬੀਬੀ ਪਰਮਿੰਦਰ ਕੌਰ, ਬੀਬੀ ਜਸਬੀਰ ਕੌਰ, ਗੁਰਮੀਤ ਕੌਰ ਅਤੇ ਕਈ ਹੋਰ ਗੁਰਸਿੱਖ ਹਾਜ਼ਰ ਸਨ।

# ਫੀਲਡ ਜਰਨਲਿਸਟ ਵੈਲਫੇਅਰ ਐਸੋਸੀਏਸ਼ਨ ਨੇ ਮਨਾਇਆ ਅੰਤਰਰਾਸ਼ਟਰੀ ਪ੍ਰੈਸ ਸੁਤੰਤਰਤਾ ਦਿਵਸ



**ਗੁਰਪ੍ਰੀਤ ਸਿੰਘ ਕੱਦ ਗਿੱਲ ਤਰਨਤਾਰਨ 3 ਮਈ |**

ਅੰਤਰਰਾਸ਼ਟਰੀ ਪ੍ਰੈਸ ਸੁਤੰਤਰਤਾ ਦਿਵਸ ਦੇ ਮੌਕੇ ‘ਤੇ ਫੀਲਡ ਜਰਨਲਿਸਟ ਵੈਲਫੇਅਰ ਐਸੋਸੀਏਸ਼ਨ ਵੱਲੋਂ ਇੱਕ ਪ੍ਰਭਾਵਸ਼ਾਲੀ ਸੈਮੀਨਾਰ ਅਤੇ ਵਿਚਾਰ-ਚਰਚਾ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਵੱਖ-ਵੱਖ ਮੀਡੀਆ ਅਦਾਰਿਆਂ ਨਾਲ ਜੁੜੇ ਫੀਲਡ ਪੱਤਰਕਾਰਾਂ ਨੇ ਉਤਸ਼ਾਹ ਨਾਲ ਹਿੱਸਾ ਲਿਆ।

ਸਮਾਗਮ ਦੌਰਾਨ ਪੱਤਰਕਾਰਤਾ ਦੇ ਖੇਤਰ ਵਿੱਚ ਦਰਪੇਸ਼ ਮੁਸ਼ਕਲਾਂ, ਫੀਲਡ ਪੱਤਰਕਾਰਾਂ ਦੀ ਸੁਰੱਖਿਆ ਅਤੇ ਪ੍ਰੈਸ ਦੀ ਆਜ਼ਾਦੀ ਨੂੰ ਮਜ਼ਬੂਤ ਬਣਾਉਣ ਵਰਗੇ ਅਹਿਮ ਮਸਲਿਆਂ ‘ਤੇ ਡੂੰਘੀ ਚਰਚਾ ਕੀਤੀ ਗਈ। ਹਾਜ਼ਰੀਨ ਨੇ ਕਿਹਾ ਕਿ ਮੌਜੂਦਾ ਦੌਰ ਵਿੱਚ ਸੱਚਾਈ ਨੂੰ ਨਿਡਰਤਾ ਨਾਲ ਲੋਕਾਂ ਤੱਕ ਪਹੁੰਚਾਉਣਾ ਹੋਰ ਵੀ ਚੁਣੌਤੀਪੂਰਨ ਹੋ ਗਿਆ ਹੈ ਅਤੇ ਇਸ ਲਈ ਪੱਤਰਕਾਰਾਂ ਨੂੰ ਸੰਸਥਾਗਤ ਸੁਰੱਖਿਆ ਦੀ ਲੋੜ ਹੈ।

ਇਸ ਮੌਕੇ ਐਸੋਸੀਏਸ਼ਨ ਦੇ ਪੰਜਾਬ ਪ੍ਰਧਾਨ ਪੁਸ਼ਪਿੰਦਰ ਸਿੰਘ ਬੰਟੀ ਨੇ ਕਿਹਾ ਕਿ ਸੱਚਾ ਪੱਤਰਕਾਰ ਬਿਨਾਂ ਕਿਸੇ ਡਰ ਜਾਂ ਲਾਲਚ ਦੇ ਸਮਾਜ ਦੀਆਂ ਹਕੀਕਤਾਂ ਨੂੰ ਉਜਾਗਰ ਕਰਦਾ ਹੈ। ਉਨ੍ਹਾਂ ਕਿਹਾ ਕਿ ਫੀਲਡ ਵਿੱਚ ਕੰਮ ਕਰਦੇ ਪੱਤਰਕਾਰਾਂ ਨੂੰ ਕਈ ਖਤਰਨਾਕ ਹਾਲਾਤਾਂ ਦਾ ਸਾਹਮਣਾ ਕਰਨਾ ਪੈਂਦਾ ਹੈ, ਇਸ ਲਈ ਸਰਕਾਰ ਨੂੰ ਉਨ੍ਹਾਂ ਦੀ ਸੁਰੱਖਿਆ ਲਈ ਸਖ਼ਤ ਕਾਨੂੰਨੀ ਪ੍ਰਬੰਧ ਕਰਨੇ ਚਾਹੀਦੇ ਹਨ।

ਉਨ੍ਹਾਂ ਨੇ ਇਹ ਵੀ ਮੰਗ ਕੀਤੀ ਕਿ ਡਿਊਟੀ ਦੌਰਾਨ ਹਾਦਸਿਆਂ ਦਾ ਸ਼ਿਕਾਰ ਹੋਣ ਜਾਂ ਜਾਨ ਗੁਆਉਣ ਵਾਲੇ ਪੱਤਰਕਾਰਾਂ ਦੇ ਪਰਿਵਾਰਾਂ ਲਈ ਵਿਸ਼ੇਸ਼ ਪੈਨਸ਼ਨ ਅਤੇ ਬੀਮਾ ਯੋਜਨਾਵਾਂ ਲਾਗੂ ਕੀਤੀਆਂ ਜਾਣ।

ਅੰਤ ਵਿੱਚ ਉਨ੍ਹਾਂ ਨੇ ਕਿਹਾ, “ਲੋਕਤੰਤਰ ਦੇ ਚੌਥੇ ਸਤੰਭ ਮੀਡੀਆ ਨੂੰ ਸੁਤੰਤਰ ਅਤੇ ਨਿਰਪੱਖ ਰੱਖਣਾ ਸਾਡੀ ਸਾਂਝੀ ਜ਼ਿੰਮੇਵਾਰੀ ਹੈ। ਫੀਲਡ ਜਰਨਲਿਸਟ ਵੈਲਫੇਅਰ ਐਸੋਸੀਏਸ਼ਨ ਹਮੇਸ਼ਾ ਪੱਤਰਕਾਰਾਂ ਦੇ ਹੱਕਾਂ ਲਈ ਅਡਿੱਗ ਰਹੇਗੀ ਅਤੇ ਉਨ੍ਹਾਂ ਦੀ ਭਲਾਈ ਲਈ ਹਰ ਸੰਭਵ ਕੋਸ਼ਿਸ਼ ਜਾਰੀ ਰੱਖੇਗੀ।”

ਇਸ ਮੌਕੇ ਸੀਨੀਅਰ ਮੀਤ ਪ੍ਰਧਾਨ ਪੰਜਾਬ ਮਨਦੀਪ ਸਿੰਘ ਰਾਜਨ, ਮੀਤ ਪ੍ਰਧਾਨ ਪੰਜਾਬ ਗੁਰਦਿਆਲ ਸਿੰਘ, ਜ਼ਿਲ੍ਹਾ ਪ੍ਰਧਾਨ ਗੁਰਵਿੰਦਰ ਸਿੰਘ ਬੰਟੀ, ਜ਼ਿਲ੍ਹਾ ਜਨਰਲ ਸਕੱਤਰ ਜੀਵਨ ਜੱਜ, ਜ਼ਿਲ੍ਹਾ ਪ੍ਰੈਸ ਸਕੱਤਰ ਰਾਹੁਲ ਸ਼ਰਮਾ, ਜ਼ਿਲਾ ਮੀਤ ਪ੍ਰਧਾਨ ਅੰਮ੍ਰਿਤ ਪ੍ਰਿੰਸ, ਸਰਬਜੀਤ ਸਿੰਘ ਮੀਆਂਵਿੰਡ , ਵਿਨੋਦ ਕੁਮਾਰ ਮੌਕੇ ਤੇ ਹਾਜ਼ਰ ਸਨ।

# ਪਿਦੀ ਵਿਖੇ ਸ਼ੈਲਰ 'ਚ ਅੱਗ ਲੱਗਣ ਨਾਲ ਲੱਖਾਂ ਦਾ ਨੁਕਸਾਨ



**ਗੁਰਪ੍ਰੀਤ ਸਿੰਘ ਕੱਦ ਗਿੱਲ ਤਰਨਤਾਰਨ 3 ਮਈ |**

ਤੜਕੇ ਲਗਭਗ ਸਵੇਰੇ 5:30 ਵਜੇ Capital Overseas Pvt. Ltd ਸ਼ੈਲਰ, ਪਿੰਡ ਪਿਦੀ (ਡੀ.ਸੀ. ਦਫਤਰ ਦੇ ਸਾਹਮਣੇ) ਵਿਖੇ ਅਚਾਨਕ ਅੱਗ ਲੱਗ ਗਈ। ਅੱਗ ਨੇ ਕੁਝ ਹੀ ਸਮੇਂ ਵਿੱਚ ਭਿਆਨਕ ਰੂਪ ਧਾਰਨ ਕਰ ਲਿਆ ਅਤੇ ਸ਼ੈਲਰ ਵਿੱਚ ਪਏ ਚਾਵਲ, ਪੈਕਿੰਗ ਮਟੀਰੀਅਲ ਅਤੇ ਹੋਰ ਸਮਾਨ ਨੂੰ ਆਪਣੀ ਲਪੇਟ ਵਿੱਚ ਲੈ ਲਿਆ। ਸ਼ੈਲਰ ਦੀ ਬਿਲਡਿੰਗ ਨੂੰ ਵੀ ਬਹੁਤ ਵੱਡਾ ਨੁਕਸਾਨ ਪਹੁੰਚਿਆ ਹੈ ਭਰੇ ਹੋਏ ਚਾਵਲ ਦੇ ਬੈਗ ਸੜ ਕੇ ਸਵਾਹ ਹੋ ਗਏ ਹਨ।

ਅੱਗ ਦੀ ਸੂਚਨਾ ਮਿਲਦੇ ਹੀ ਨਗਰ ਕੌਂਸਲ ਤਰਨ ਤਾਰਨ ਨੂੰ ਫੋਨ ਕੀਤਾ ਗਿਆ, ਜਿਥੋਂ ਫਾਇਰ ਬ੍ਰਿਗੇਡ ਦੀਆਂ ਦੋ ਗੱਡੀਆਂ ਮੌਕੇ ਤੇ ਪਹੁੰਚੀਆਂ। ਇਸ ਤੋਂ ਇਲਾਵਾ ਇੱਕ ਗੱਡੀ ਪੱਟੀ ਤੋਂ ਅਤੇ ਇੱਕ ਅੰਮ੍ਰਿਤਸਰ ਤੋਂ ਵੀ ਮਦਦ ਲਈ ਭੇਜੀ ਗਈ। ਕਾਫੀ ਮਿਹਨਤ ਅਤੇ ਜਦੋਜਹਦ ਤੋਂ ਬਾਅਦ ਅੱਗ ਤੇ ਕਾਬੂ ਪਾਇਆ ਗਿਆ।

ਸ਼ੈਲਰ ਮਾਲਕ ਰਾਜਿੰਦਰ ਮਿੱਤਲ ਅਤੇ ਅਸ਼ਵਣੀ ਮਿੱਤਲ ਨੇ ਦੱਸਿਆ ਕਿ ਉਹ ਫਿਰੋਜ਼ਪੁਰ ਤੋਂ ਸਵੇਰੇ ਕਰੀਬ 7 ਵਜੇ ਤਰਨ ਤਾਰਨ ਪਹੁੰਚੇ। ਉਨ੍ਹਾਂ ਨੂੰ ਸਵੇਰੇ 5:30 ਵਜੇ ਮੁਲਾਜ਼ਮਾਂ ਵੱਲੋਂ ਅੱਗ ਲੱਗਣ ਦੀ ਸੂਚਨਾ ਮਿਲੀ ਸੀ। ਉਨ੍ਹਾਂ ਨੇ ਦੱਸਿਆ ਕਿ ਇਸ ਸਥਿਤੀ ਨੂੰ ਦੇਖਦੇ ਹੋਏ ਤੁਰੰਤ ਤਰਨ ਤਾਰਨ ਫੋਨ ਕੀਤਾ ਗਿਆ, ਜਿਸ ਤੋਂ ਬਾਅਦ ਤਰਨ ਤਾਰਨ ਵੱਲੋਂ ਅਵਤਾਰ ਸਿੰਘ ਤਨੇਜਾ (ਪ੍ਰਧਾਨ ਜ਼ਿਲ੍ਹਾ ਤਰਨ ਤਾਰਨ ਰਾਈਸ ਮਿੱਲਰਜ਼ ਐਸੋਸੀਏਸ਼ਨ), ਕੇਸ਼ਵ ਅਗਰਵਾਲ, ਵਸ਼ਨੂ ਦਾਸ ਅਗਰਵਾਲ ਅਤੇ ਹੋਰ ਰਾਈਸ ਮਿਲਰ ਸਾਥੀਆਂ ਤੇ ਸਟਾਫ ਨੇ ਰਲ ਕੇ ਇਸ ਅੱਗ ‘ਤੇ ਕਾਬੂ ਪਾਉਣ ਲਈ ਯਤਨ ਕੀਤਾ।

ਇਸ ਅੱਗ ਕਾਰਨ ਸ਼ੈਲਰ ਨੂੰ ਕਾਫੀ ਵੱਡਾ ਆਰਥਿਕ ਨੁਕਸਾਨ ਹੋਇਆ ਹੈ। ਮਾਲਕਾਂ ਨੇ ਸਰਕਾਰ ਤੋਂ ਮੰਗ ਕੀਤੀ ਹੈ ਕਿ ਇਸ ਹਾਦਸੇ ਵਿੱਚ ਹੋਏ ਨੁਕਸਾਨ ਦੀ ਭਰਪਾਈ ਕੀਤੀ ਜਾਵੇ।

# ਇਹ ਅੱਥਰਾ ਹਾਸਾ



ਇਹ ਅੱਥਰਾ ਹਾਸਾ
ਕਦੇ ਮੇਰੀ ਪਹਿਚਾਣ ਹੁੰਦੀ ਸੀ
ਕੰਗਣਾਂ ਦੀ ਛਣਛਨਾਹਟ ਜਿਹਾ
ਬੱਦਲਾਂ ਦੀ ਗੜਗੜਾਹਟ ਜਿਹਾ
ਫ਼ਿਜ਼ਾ ਵਿੱਚ ਗੂੰਜਦਾ ਹਾਸਾ
ਮੇਰੇ ਹਾਸੇ ਵਿੱਚ
ਕ੍ਰਿਸ਼ਨ ਦੀ ਬਾਂਸੁਰੀ ਵਰਗਾ ਰਸ ਸੀ
ਮੋਹਿਆ ਜਾਂਦਾ ਸੀ ਚੁਫੇਰਾ
ਇਹ ਅੱਥਰਾ ਹਾਸਾ
ਕਦੇ ਮੇਰੀ ਪਹਿਚਾਣ ਹੁੰਦੀ ਸੀ
ਅੱਜ ਕੱਲ ਹੱਸਣ ਲਈ ਵੀ
ਬਹੁਤ ਮਿਹਨਤ ਕਰਨੀ ਪੈਂਦੀ ਹੈ
Geet Arts ਬਹੁਤ ਸ਼ੁਕਰੀਆ

ਲੇਖਕ ਆਪਣੀਆਂ ਰਚਨਾਵਾਂ ਇਸ ਨੰਬਰ ਤੇ ਭੇਜ ਸਕਦੇ ਹਨ
9815561022, 9463661542

Cee7News ਵਿੱਚ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ
9463661542, cee7news@gmail.com

